[ਆਦਿ ਅੰਗ ੧੩੩-੩੪]

***ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥***

**ਵੈਸਾਖ—**ਸਤਿਗੁਰੂ ਜੀ ਵੈਸਾਖ ਦੇ ਮਹੀਨੇ ਦੁਆਰਾ ਉਪਦੇਸ਼ ਬਖ਼ਸ਼ਿਸ਼ ਕਰ ਰਹੇ ਹਨ। ਵੈਸਾਖੀ ਦਾ ਦਿਹਾੜਾ ਖ਼ਾਲਸਾ ਪੰਥ ਵਿੱਚ ਬੜੀ ਮਹਾਨਤਾ ਰਖਾਉਂਦਾ ਹੈ। ਸਭ ਤੋਂ ਪਹਿਲਾਂ ਸਿੱਖ ਸੰਗਤਾਂ ਦੀ ਇਕੱਤਰਤਾ ਵਾਸਤੇ ਬਾਬਾ ਬੁੱਢਾ ਜੀ ਨੇ ਗੁਰੂ ਅਮਰਦਾਸ ਜੀ ਪਾਸ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਸਿੱਖ ਸੰਗਤਾਂ ਵੱਖੋ-ਵੱਖ ਇਲਾਕਿਆਂ ਵਿੱਚੋਂ ਆਉਂਦੀਆਂ ਹਨ ਤੇ ਆਪ ਜੀ ਦੇ ਦਰਸ਼ਨ ਕਰਕੇ ਮੁੜ ਜਾਂਦੀਆਂ ਹਨ। ਨਾ ਤਾਂ ਆਪਸ ਵਿੱਚ ਸੰਗਤਾਂ ਦੀ ਪਹਿਚਾਣ ਪੈਂਦੀ ਹੈ ਤੇ ਨਾ ਹੀ ਸੰਗਤਾਂ ਦਾ ਪਰਸਪਰ ਪਿਆਰ ਵਧਦਾ ਹੈ। ਸੰਗਤਾਂ ਦਾ ਕੁਝ ਐਸਾ ਵੀਚਾਰ ਹੈ ਕਿ ਸੰਗਤਾਂ ਦੇ ਜੋੜ ਮੇਲੇ ਲਈ ਸਾਲ ਵਿੱਚ ਕੋਈ ਅਜਿਹਾ ਦਿਨ ਨੀਅਤ ਹੋਣਾ ਚਾਹੀਦਾ ਹੈ, ਜਿਸ ਦਿਨ ਸੰਗਤਾਂ ਵਿਸ਼ੇਸ਼ ਤੌਰ ਉੱਤੇ ਇਕੱਠੀਆਂ ਹੋ ਸਕਣ। ਬਾਬਾ ਬੁੱਢਾ ਜੀ ਦੁਆਰਾ ਕੀਤੀ ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਵੈਸਾਖੀ ਦਾ ਦਿਹਾੜਾ ਨੀਅਤ ਕੀਤਾ। ਇਸ ਦਿਨ ਸੰਗਤਾਂ ਦਾ ਜੋੜ ਮੇਲਾ ਹੋਣ ਕਰਕੇ ਗੁਰੂ ਅਮਰਦਾਸ ਜੀ ਨੇ ਬਾਉਲੀ ਸਾਹਿਬ ਦੀ ਚੱਠ ਕੀਤੀ ਸੀ।

ਫੇਰ ਸਤਿਗੁਰੂ ਰਾਮਦਾਸ ਜੀ ਨੇ ਜੋ ਤਲਾਅ ਪਟਾਉਣਾ ਸ਼ੁਰੂ ਕੀਤਾ ਸੀ, ਉਸ ਥਾਂ ’ਤੇ ਬਰਸਾਤ ਦਾ ਪਾਣੀ ਖੜ੍ਹਾ ਸੀ। ਸਤਿਗੁਰੂ ਰਾਮਦਾਸ ਜੀ ਜੋਤੀ ਜੋਤਿ ਸਮਾ ਗਏ ਸਨ ਤੇ ਗੁਰੂ ਅਰਜਨ ਸਾਹਿਬ ਜੀ ਸੰਤੋਖਸਰ ਦੀ ਸੇਵਾ ਕਰਾ ਰਹੇ ਸਨ। ਪੱਟੀ ਦੇ ਰਾਜੇ ਦੁਨੀ ਚੰਦ ਨੇ ਆਪਣੀ ਛੋਟੀ ਲੜਕੀ ਪ੍ਰਮਾਤਮਾ ’ਤੇ ਭਰੋਸਾ ਰੱਖਣ ਕਾਰਨ ਆਪਣੇ ਹਠ ਕਰਕੇ ਪਿੰਗਲੇ ਨੂੰ ਵਿਆਹ ਦਿੱਤੀ। ਉਸ ਦਾ ਨਾਮ ਬੀਬੀ ਰਜਨੀ (ਰਾਜ ਕੌਰ) ਸੀ। ਉਹ ਆਪਣੇ ਪਿੰਗਲੇ ਪਤੀ ਨੂੰ ਖਾਰੀ ਵਿੱਚ ਸਿਰ ਉੱਤੇ ਚੁੱਕੀ ਫਿਰਦੀ ਤੇ ਪ੍ਰਮਾਤਮਾ ਦੇ ਭਾਣੇ ਨੂੰ ਸੱਤ ਕਰਕੇ ਮੰਨਦੀ ਸੀ। ਉਸ ਖਾਰੀ ਨੂੰ ਵੈਸਾਖੀ ਵਾਲੇ ਦਿਨ ਦੁਖ ਭੰਜਨੀ ਬੇਰੀ ਥੱਲੇ ਰੱਖ ਕੇ ਆਪ ਪਿੰਡ ਵਿੱਚ ਰੋਟੀ ਲੈਣ ਵਾਸਤੇ ਚਲੀ ਗਈ। ਉਸਦੇ ਜਾਣ ਤੋਂ ਬਾਅਦ ਪਿੰਗਲੇ ਨੇ ਦੇਖਿਆ ਕਿ ਨੇੜੇ ਜੋ ਥੋੜ੍ਹਾ ਜਿਹਾ ਪਾਣੀ ਖੜ੍ਹਾ ਹੈ, ਉਸ ਵਿੱਚ ਇਸ਼ਨਾਨ ਕਰਕੇ ਕਾਲੇ ਕਾਂ ਚਿੱਟੇ ਹੋ-ਹੋ ਕੇ ਨਿਕਲਦੇ ਹਨ। ਪਿੰਗਲਾ ਖਾਰੀ ਵਿੱਚੋਂ ਨਿਕਲ ਕੇ ਹੌਲੀ-ਹੌਲੀ ਆਪ ਵੀ ਇਸ਼ਨਾਨ ਕਰਨ ਲੱਗਾ ਤਾਂ ਸਤਿਗੁਰੂ ਜੀ ਦੀ ਕਿਰਪਾ ਨਾਲ ਉਸਦਾ ਸਰੀਰ ਕੰਚਨ ਵਰਗਾ ਹੋ ਗਿਆ। ਜਦੋਂ ਇਸਦੀ ਪਤਨੀ ਵਾਪਸ ਆਈ ਤਾਂ ਉਸ ਨੂੰ ਆਪਣੇ ਪਤੀ ’ਤੇ ਸ਼ੰਕਾ ਉਤਪੰਨ ਹੋਈ ਕਿ ਇਹ ਉਹ ਨਹੀਂ ਹੈ। ਫਿਰ ਦੋਵੇਂ ਪੰਚਮ ਪਾਤਸ਼ਾਹ ਕੋਲ ਪੁੱਜੇ ਤਾਂ ਸਤਿਗੁਰੂ ਜੀ ਨੇ ਸ਼ੰਕਾ ਨਵਿਰਤ ਕੀਤੀ ਤੇ ਉਸ ਪਵਿੱਤਰ ਅੰਮ੍ਰਿਤ ਸਰੋਵਰ, ਜਿਸ ਦਾ ਨਾਮ ਸੁਧਾ ਰਸ ਹੈ, ਰਚਨਾ ਕਰਕੇ ਇਹ ਮਹਾਨ ਤੀਰਥ ਪ੍ਰਗਟ ਕੀਤਾ। ਸੋ, ਇਹ ਤੀਰਥ ਵੀ ਵੈਸਾਖੀ ਵਾਲੇ ਦਿਨ ਹੀ ਪ੍ਰਗਟ ਹੋਇਆ ਸੀ। ਇਸ ਵੈਸਾਖੀ ਵਾਲੇ ਦਿਨ ਹੀ ਜਲ੍ਹਿਆਂਵਾਲੇ ਬਾਗ਼ ਵਿੱਚ ਅੰਗਰੇਜ਼ਾਂ ਨੇ ਸਿੱਖਾਂ ’ਤੇ ਗੋਲੀਆਂ ਚਲਾਈਆਂ, ਜਿਸ ਕਰਕੇ ਬੇਅੰਤ ਸਿੰਘਾਂ ਨੇ ਸ਼ਹੀਦੀਆਂ ਪਾਈਆਂ। ੧੯੭੮ ਵਿੱਚ ਵੈਸਾਖੀ ਵਾਲੇ ਦਿਨ ੧੩ ਸਿੰਘ ਨਿਰੰਕਾਰੀਆਂ ਹੱਥੋਂ ਸ਼ਹੀਦ ਹੋਏ। ਜਿਸ ਵੇਲੇ ਔਰੰਗਜ਼ੇਬ ਗ਼ਰੀਬਾਂ, ਅਨਾਥ ਹਿੰਦੂਆਂ ਨੂੰ ਜ਼ੁਲਮ ਦੀ ਤੇਗ ਦੇ ਘਾਟ ਉਤਾਰ ਰਿਹਾ ਸੀ। ਉਹ ਸਵਾ-ਸਵਾ ਮਣ ਜਨੇਊ ਲਾਹ ਕੇ ਦੀਨ ਤੋਂ ਬੇਦੀਨ ਕਰ ਰਿਹਾ ਸੀ ਤੇ ਉਹਨਾਂ ਦੇ ਮੰਦਿਰਾਂ, ਮੂਰਤੀਆਂ ਨੂੰ ਢਾਹ ਕੇ ਮਿੱਟੀ ਵਿੱਚ ਮਿਲਾ ਰਿਹਾ ਸੀ। ਫਿਰ ਇਹਨਾਂ ਮਜ਼ਲੂਮ, ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਸੁਣ ਕੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਸ਼ਹਾਦਤ ਦਿੱਤੀ ਤੇ ਔਰੰਗਜ਼ੇਬ ਨੂੰ ਦੱਸ ਦਿੱਤਾ ਕਿ ਤੂੰ ਦੋ ਮੱਤਾਂ ਤੋਂ ਇੱਕ ਕਰਨਾ ਚਾਹੁੰਦਾ ਹੈਂ, ਪਰ ਕਰਤਾਰ ਦੇ ਭਾਣੇ ਅੰਦਰ ਇਹ ਦੋ ਤੋਂ ਤਿੰਨ ਹੋ ਜਾਣਗੇ। ਜਦੋਂ ਸਤਿਗੁਰੂ

PDF created with pdfFactory Pro trial version www.pdffactory.com

ਜੀ ਨੇ ਸ਼ਹੀਦੀ ਦਿੱਤੀ ਤਾਂ ਸਤਿਗੁਰੂ ਜੀ ਦਾ ਸੀਸ ਭਾਈ ਜੈਤਾ (ਜੋ ਬਾਅਦ ਵਿੱਚ ਅੰਮ੍ਰਿਤ ਛੱਕ ਕੇ ਜੀਵਨ ਸਿੰਘ ਬਣੇ) ਦੀ ਝੋਲੀ ਆ ਪਿਆ ਤੇ ਉਹ ਸੀਸ ਲੈ ਕੇ ਅਨੰਦਪੁਰ ਸਾਹਿਬ ਨੂੰ ਚੱਲ ਪਿਆ। ਔਰੰਗਜ਼ੇਬ ਨੇ ਸੀਸ ਗੁੰਮ ਹੋਣ ਤੋਂ ਅਸਚਰਜ ਹੋ ਕੇ ਕਿਹਾ ਕਿ ਜੇ ਕੋਈ ਗੁਰੂ ਦਾ ਸਿੱਖ ਹੈ ਤਾਂ ਇਸ ਧੜ ਦਾ ਸਸਕਾਰ ਕਰ ਦੇਵੇ। ਭਾਵੇਂ ਉਸ ਵੇਲੇ ਦਿੱਲੀ ਵਿੱਚ ਸਿੱਖਾਂ ਦੀ ਚੌਂਦਾਂ ਸੌ ਦੇਹਲੀ ਸੀ, ਪਰ ਡਰਦੇ ਮਾਰੇ ਕਿਸੇ ਨੇ ਇਉਂ ਨਹੀਂ ਕਿਹਾ ਕਿ ਮੈਂ ਗੁਰੂ ਕਾ ਸਿੱਖ ਹਾਂ ਤੇ ਗੁਰੂ ਦੇ ਧੜ ਦਾ ਸਸਕਾਰ ਕਰਾਂਗਾ। ਅਖ਼ੀਰ ਲੱਖੀ ਸ਼ਾਹ ਵਣਜਾਰੇ ਨੇ ਪ੍ਰੇਮ ਵਿੱਚ ਆ ਕੇ ਬੈਲਾਂ ਦਾ ਸਮੁਦਾਅ ਚਾਂਦਨੀ ਚੌਂਕ ਵਿੱਚ ਦੀ ਲੰਘਾ ਕੇ ਛਲ ਦੇ ਨਾਲ ਗੁਰੂ ਜੀ ਦੇ ਧੜ ਨੂੰ ਲਿਜਾ ਕੇ ਸਸਕਾਰ ਕੀਤਾ। ਇਹ ਸਾਰੀ ਸਾਖੀ ਸ੍ਰੀ ਕਲਗੀਧਰ ਪਾਤਸ਼ਾਹ ਨੇ ਦਿੱਲੀ ਵਾਲੀ ਸੰਗਤ ਜੋ ਦਰਸ਼ਨ ਕਰਨ ਆਈ ਸੀ ਤੋਂ ਸੁਣੀ। ਸਾਰੀ ਸਾਖੀ ਸੁਣ ਕੇ ਸਤਿਗੁਰੂ ਜੀ ਕਹਿਣ ਲੱਗੇ ਕਿ ਮਹਾਰਾਜ ਨੌਂਵੇਂ ਪਾਤਸ਼ਾਹ ਨੇ ਤਾਂ ਪਰਉਪਕਾਰ ਹਿਤ ਸ਼ਹਾਦਤ ਦਿੱਤੀ ਹੈ।

ਯਥਾ— **ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥**
**ਧਰਮ ਹੇਤ ਸਾਕਾ ਜਿਨਿ ਕੀਆ॥ ਸੀਸ ਦੀਆ ਪਰ ਸਿਰਰੁ ਨ ਦੀਆ॥**

[ਬਚਿੱਤ੍ਰ ਨਾਟਕ ਪਾ: ੧੦]

ਪਰ ਇਹਨਾਂ ਸਿੱਖ ਕਹਾਉਣ ਵਾਲਿਆਂ ਤੋਂ ਇਤਨਾਂ ਭੀ ਨਾ ਸਰਿਆ ਕਿ ਸਤਿਗੁਰੂ ਜੀ ਦੇ ਧੜ ਦਾ ਸਸਕਾਰ ਕਰ ਦੇਣ। ਸ੍ਰੀ ਕਲਗ਼ੀਧਰ ਜੀ ਜੋਸ਼ ਵਿੱਚ ਆ ਕੇ ਜਿਸ ਤਰ੍ਹਾਂ ਬੱਦਲ, ਵਾ—ਸ਼ੇਰ ਗਰਜਦਾ ਹੈ, ਇਸ ਪ੍ਰਕਾਰ ਗੰਭੀਰਤਾ ਵਾਲੀ ਬੁਲੰਦ ਆਵਾਜ਼ ਵਿੱਚ ਕਹਿਣ ਲੱਗੇ ਕਿ ਮੈਂ ਐਸਾ ਪੰਥ ਪ੍ਰਗਟ ਕਰਾਂਗਾ ਕਿ ਜੇ ਕੋਈ ਸਿੱਖ ਆਪਣੇ ਮੁਖ ਤੋਂ ਕਹੇ ਕਿ ਮੈਂ ਸਿੱਖ ਨਹੀਂ ਹਾਂ, ਪਰ ਸਭ ਲੋਕ ਕਹਿਣਗੇ ਕਿ ਇਹ ਸਿੱਖ ਹੈ। ਐਸਾ ਤੇਜ ਭਰਾਂਗਾ ਕਿ ਬਾਜਾਂ ਨਾਲ ਚਿੜ੍ਹੀਆਂ ਨੂੰ ਲੜਾਵਾਂਗਾ। ਸਭ ਦੁਸ਼ਟ ਦੋਖੀ ਪਕੜ ਕੇ ਉਹਨਾਂ ਦਾ ਨਾਸ ਕਰਾਂਗਾ। ਆਪਣੇ ਇਸ ਬਚਨ ਨੂੰ ਸਕਾਰਾਤਮਕ ਰੂਪ ਦੇਣ ਲਈ ੧੭੫੬ ਬਿਕ੍ਰਮੀ ਸੰਮਤ ਵੈਸਾਖੀ ਵਾਲੇ ਦਿਨ ਇੱਕ ਮਹਾਨ ਸਮਾਗਮ ਕੀਤਾ। ਜਿਸ ਵਿੱਚ ਦੂਰ-ਦੂਰ ਤੋਂ ਸੰਗਤਾਂ ਪੱਤ੍ਰਕਾ ਭੇਜ ਕੇ ਬੁਲਾਈਆਂ। ਸਾਰੀ ਸੰਗਤ ਦੀ ਇਕੱਤਰਤਾ ਸਾਢੇ ਨੌਂ ਲੱਖ ਸੀ। ਕਈ ਇਤਿਹਾਸਕਾਰਾਂ ਨੇ ਦਸ ਲੱਖ, ਕਈਆਂ ਨੇ ੮੦ ਹਜ਼ਾਰ ਵੀ ਲਿਖੀ ਹੈ। ਕਾਬਲ, ਕੰਧਾਰ, ਪੋਠੋਹਾਰ, ਧੰਨੀ, ਖੇਮ, ਮਾਝਾ, ਮਾਲਵਾ, ਦੁਆਬਾ ਆਦਿ ਤੋਂ ਬੇਅੰਤ ਦੇਸ਼ਾਂ ਤੋਂ ਸੰਗਤਾਂ ਆਈਆਂ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਈਆਂ। ਸੰਗਤਾਂ ਮਨ ਵਿੱਚ ਵੀਚਾਰ ਕਰਦੀਆਂ ਸਨ ਕਿ ਸਾਨੂੰ ਗੁਰੂ ਸਾਹਿਬ ਜੀ ਨੇ ਚਿੱਠੀਆਂ ਭੇਜ ਕੇ ਬੁਲਾਇਆ ਹੈ, ਪਤਾ ਨਹੀਂ ਕੀ ਕੌਤਕ ਕਰਨਗੇ ? ਵੈਸਾਖੀ ਵਾਲੇ ਦਿਨ ਤੋਂ ਪਹਿਲਾਂ ਹੀ ਬੇਅੰਤ ਸੰਗਤਾਂ ਅਨੰਦਪੁਰ ਸਾਹਿਬ ਪੁੱਜਣੀਆਂ ਸ਼ੁਰੂ ਹੋ ਗਈਆਂ। ਵੈਸਾਖੀ ਵਾਲੇ ਦਿਨ ਨਿੱਤ ਦੀ ਤਰ੍ਹਾਂ ਸਤਿਗੁਰੂ ਜੀ ਅਤੇ ਸਰਬੱਤ ਸੰਗਤਾਂ ਨੇ ਇਸ਼ਨਾਨ ਕੀਤਾ। ਕੇਸਗੜ੍ਹ ਸਾਹਿਬ ਵਾਲੀ ਥਾਂ 'ਤੇ ਦੀਵਾਨ ਸਜਿਆ ਤੇ ਆਸਾ ਦੀ ਵਾਰ ਆਰੰਭ ਹੋ ਗਈ। ਸਭ ਸੰਗਤਾਂ ਆ ਕੇ ਦੀਵਾਨ ਵਿੱਚ ਬੈਠਣ ਲੱਗੀਆਂ। ਜਿਸ ਵੇਲੇ ਸੂਰਜ ਨਿਕਲ ਆਇਆ ਤਾਂ ਸਤਿਗੁਰੂ ਜੀ ਨਿਵਾਸ ਅਸਥਾਨ ਤੋਂ ਨੀਲੇ ਘੋੜੇ 'ਤੇ ਸਵਾਰ ਹੋ ਕੇ ਸ੍ਰੀ ਕੇਸਗੜ੍ਹ ਸਾਹਿਬ ਨੂੰ ਚੱਲ ਪਏ। ਜਦੋਂ ਦੀਵਾਨ ਵਿੱਚ ਪਹੁੰਚੇ ਤਾਂ ਸਾਰੀਆਂ ਸੰਗਤਾਂ ਨੇ ਦਰਸ਼ਨ ਕਰਕੇ ਨਮਸ਼ਕਾਰ ਕੀਤੀ ਤੇ ਸਤਿਗੁਰੂ ਜੀ ਸਿੰਘਾਸਨ 'ਤੇ ਸੁਸ਼ੋਭਿਤ ਹੋ ਗਏ। ਬੇਅੰਤ ਹੀ ਤੰਬੂ ਕਨਾਤਾਂ ਲੱਗੀਆਂ ਹੋਈਆਂ ਹਨ ਤੇ ਪੰਡਾਲ ਖਚਾਖਚ ਭਰਿਆ ਹੋਇਆ ਹੈ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਤੋਂ ਉਪਰੰਤ ਸਤਿਗੁਰੂ ਜੀ ਸਿੰਘਾਸਨ ਤੋਂ ਉਠੇ ਤੇ ਭਰੇ ਦੀਵਾਨ ਵਿੱਚ ਬਿਜਲੀ ਨਾਲੋਂ ਵੀ ਚਮਕੀਲੀ ਸ੍ਰੀ ਸਾਹਿਬ ਮਿਆਨ ਵਿੱਚੋਂ ਕੱਢੀ ਤੇ ਸੰਗਤ ਵੱਲ ਮਿਹਰ ਦੀ ਨਿਗ੍ਹਾ ਨਾਲ ਤੱਕਿਆ ਤੇ ਉੱਚੀ ਬੀਰ-ਰਸ ਵਾਲੀ ਆਵਾਜ਼ ਨਾਲ ਬਚਨ ਕੀਤਾ ਕਿ ਅਸੀਂ ਬੀਰ ਰਸ ਵਾਲਾ, ਧਰਮ ਰਖਿਅਕ, ਸਵਾ-ਸਵਾ ਲੱਖ ਨਾਲ ਲੜਨ ਵਾਲਾ ਖ਼ਾਲਸਾ ਪੈਦਾ ਕਰਨਾ ਹੈ, ਇਸ ਲਈ ਸਾਨੂੰ ਇੱਕ ਸੀਸ ਦੀ ਲੋੜ ਹੈ। ਇਸ ਲਈ ਕੋਈ ਐਸਾ ਗੁਰੂ ਕਾ ਪਿਆਰਾ ਹੈ, ਜੋ ਧਰਮ ਵਾਸਤੇ ਆਪਣਾ ਸੀਸ ਭੇਟਾ ਕਰੇ। ਸਤਿਗੁਰੂ ਜੀ ਦੇ ਇਨ੍ਹਾਂ ਬਚਨਾਂ ਨੂੰ

PDF created with pdfFactory Pro trial version www.pdffactory.com

ਸੁਣਦੇ ਸਾਰ ਹੀ ਦੀਵਾਨ ਵਿੱਚ ਸਨਾਟਾ ਛਾ ਗਿਆ। ਉਸ ਵੇਲੇ ਸੰਗਤਾਂ ਵਿੱਚ ਗੁਰੂ ਸਾਹਿਬ ਦੇ ਬਚਨ ਸੁਣਨ ਦਾ ਉਤਸ਼ਾਹ ਤੇ ਉਤਾਵਲਾਪਣ ਸੀ, ਪਰ ਜਦੋਂ ਸਤਿਗੁਰਾਂ ਨੇ ਸੀਸ ਦੀ ਮੰਗ ਕੀਤੀ ਤਾਂ ਸਾਰਿਆਂ ਨੇ ਇਸ ਪ੍ਰਕਾਰ ਨੀਵੀਆਂ ਪਾ ਲਈਆਂ, ਜਿਵੇਂ ਗੜਿਆਂ ਦੀ ਭੰਨੀ ਖੇਤੀ ਹੁੰਦੀ ਹੈ, ਗਰਮੀ ਪੈਣ ਤੋਂ ਅੱਕਾਂ ਦੀਆਂ ਕਰੂੰਬਲਾਂ ਮੁੜ ਜਾਂਦੀਆਂ ਹਨ। ਸਭ ਦੇ ਦਿਲਾਂ ਵਿੱਚ ਇਉਂ ਝਰਨਾਟਾਂ ਸ਼ੁਰੂ ਹੋ ਗਈਆਂ, ਜਿਵੇਂ ਸਰੀਰ ਨੂੰ ਬਿਜਲੀ ਦਾ ਕਰੰਟ ਲਗਦਾ ਹੈ ਅਤੇ ਰੋਲਾ ਇੱਸ ਪ੍ਰਕਾਰ ਬੰਦ ਹੋ ਗਿਆ, ਜਿਸ ਤਰ੍ਹਾਂ ਮੀਂਹ ਪੈਣ ਤੋਂ ਮਿੱਟੀ ਘੱਟਾ ਦਬ ਜਾਂਦਾ ਹੈ। ਸਤਿਗੁਰਾਂ ਦਾ ਬਚਨ ਸੁਣ ਕੇ ਜਦੋਂ ਕੋਈ ਨਾ ਉਠਿਆ ਤਾਂ ਸ੍ਰੀ ਕਲਗੀਧਰ ਜੀ ਨੇ ਦੂਜੀ ਆਵਾਜ਼ ਫਿਰ ਜੋਸ਼ ਵਿੱਚ ਆਣ ਕੇ ਦਿੱਤੀ ਤਾਂ ਫੇਰ ਵੀ ਕੋਈ ਨਾ ਉਠਿਆ। ਬਹੁਤੇ ਧਰਤੀ ਨੂੰ ਹੀ ਇਸ਼ਟ ਦੇਵਤਾ ਮੰਨ ਕੇ ਹੇਠਾਂ ਵੱਲ ਧਿਆਨ ਧਰੀ ਬੈਠੇ ਹਨ। ਜੋ ਬਹੁਤ ਕਮ-ਦਿਲੇ ਅਤੇ ਕਾਇਰ ਮਨ ਵਾਲੇ ਸਨ, ਉਨ੍ਹਾਂ ਨੇ ਤਾਂ ਭੱਜਣ ਲਗਿਆਂ ਹਿਰਨਾਂ ਨੂੰ ਮਾਤ ਪਾ ਦਿੱਤੀ। ਸਭ ਦੌੜ ਗਏ ਤਾਂ ਹੀ ਲਿਖਿਆ ਹੈ :

ਯਥਾ— **ਜੋ ਛਕੂਏ ਕੁਣਕੇ ਕੇ॥ ਭਾਰਾ ਗਏ ਇਕ ਠੁਣਕੇ ਸੇ॥** [ਤਵਾਰੀਖ਼]

ਅਖ਼ੀਰ ਤੀਜੀ ਵਾਰ ਫੇਰ ਆਪ ਜੀ ਨੇ ਬੁਲੰਦ ਆਵਾਜ਼ ਵਿੱਚ ਸੀਸ ਦੀ ਮੰਗ ਕੀਤੀ। ਭਾਈ ਦਇਆ ਰਾਮ ਨੇ ਕਿਹਾ ਕਿ ਹੇ ਮਨ! ਇਹ ਸੀਸ ਤਾਂ ਪਹਿਲਾਂ ਹੀ ਗੁਰੂ ਸਾਹਿਬ ਨੂੰ ਦਿੱਤਾ ਹੋਇਆ ਹੈ। ਫਿਰ ਤੂੰ ਢਿਲ ਕਿਉਂ ਕੀਤੀ ਹੈ ? ਇਸ ਤੋਂ ਹੋਰ ਸੁਭਾਗ ਸਮਾਂ ਕਿਹੜਾ ਹੈ ? ਕਿ ਅੱਜ ਮੇਰਾ ਸੀਸ ਲੈ ਕੇ ਸਤਿਗੁਰੂ ਜੀ ਪੰਥ ਦਾ ਨੀਂਹ ਪੱਥਰ ਰੱਖ ਰਹੇ ਹਨ। ਭਾਈ ਦਇਆ ਰਾਮ ਜੀ ਨੂੰ ਇਤਨੀ ਮਸਤੀ ਚੜ੍ਹ ਗਈ, ਜਿਸ ਤਰ੍ਹਾਂ ਬੀਨ ਸੁਣ ਕੇ ਬਰਮੀ ਵਿੱਚੋਂ ਸੱਪ ਨਿਕਲ ਕੇ ਮੇਲ੍ਹਣ ਲੱਗ ਜਾਂਦਾ ਹੈ। ਇਸੇ ਤਰ੍ਹਾਂ ਭਾਈ ਸਾਹਿਬ ਨੇ ਖੜ੍ਹੇ ਹੋ ਕੇ ਬੇਨਤੀ ਕੀਤੀ ਕਿ ਹਜ਼ੂਰ! ਮੇਰਾ ਸੀਸ ਹਾਜ਼ਰ ਹੈ ਤਾਂ ਸਤਿਗੁਰੂ ਜੀ ਪੁੱਛਣ ਲੱਗੇ ਕਿ ਭਾਈ! ਤੂੰ ਕਿਸੇ ਗੱਲੋਂ ਦੁਖੀ ਹੋ ਕੇ ਮਰਨ ਵਾਸਤੇ ਤਾਂ ਨਹੀਂ ਆਇਆ। ਤਾਂ ਭਾਈ ਦਇਆ ਰਾਮ ਕਹਿਣ ਲੱਗੇ ਕਿ ਨਹੀਂ ਸਤਿਗੁਰੂ ਜੀ! ਮੈਂ ਤਾਂ ਆਪ ਜੀ ਦੀ ਖ਼ੁਸ਼ੀ ਲੈਣ ਵਾਸਤੇ ਹਾਜ਼ਰ ਹੋਇਆ ਹਾਂ। ਫਿਰ ਸਤਿਗੁਰੂ ਜੀ ਭਾਈ ਦਇਆ ਰਾਮ ਨੂੰ ਤੰਬੂ ਵਿੱਚ ਲੈ ਗਏ ਤੇ ਸੀਸ ਧੜ ਤੋਂ ਵੱਖਰਾ ਕਰ ਦਿੱਤਾ। ਇਹ ਲਾਹੌਰ ਦੇ ਰਹਿਣ ਵਾਲੇ ਖੱਤਰੀ ਸਨ। ਜਦੋਂ ਦਇਆ ਰਾਮ ਦਾ ਸੀਸ ਵੱਢ ਕੇ ਸਤਿਗੁਰੂ ਜੀ ਨੇ ਬਾਹਰ ਆ ਕੇ ਫਿਰ ਸੀਸ ਦੀ ਮੰਗ ਕੀਤੀ ਤਾਂ ਭਾਈ ਧਰਮ ਚੰਦ ਜੀ ਨੇ ਆਪਣਾ ਸੀਸ ਭੇਟ ਕੀਤਾ। ਇਹ ਹਸਤਿਨਾਪੁਰ ਦੇ ਰਹਿਣ ਵਾਲੇ ਜੱਟ ਸਨ। ਤੀਜੀ ਵਾਰ ਜਦੋਂ ਸੀਸ ਮੰਗਿਆ ਤਾਂ ਭਾਈ ਹਿੰਮਤ ਚੰਦ ਜੀ ਨੇ ਸੀਸ ਭੇਟ ਕੀਤਾ। ਇਹ ਜਗਨਨਾਥ ਦੇ ਰਹਿਣ ਵਾਲੇ ਝੀਵਰ ਸਨ। ਚੌਥੀ ਵਾਰ ਭਾਈ ਮੁਹਕਮ ਚੰਦ ਜੀ ਨੇ ਸੀਸ ਭੇਟ ਕੀਤਾ। ਇਹ ਦਵਾਰਕਾ ਦੇ ਰਹਿਣ ਵਾਲੇ ਛੀਂਬੇ ਸਨ। ਪੰਜਵੀਂ ਵਾਰ ਜਦੋਂ ਸਤਿਗੁਰਾਂ ਨੇ ਸੀਸ ਮੰਗਿਆ ਤਾਂ ਭਾਈ ਸਾਹਿਬ ਚੰਦ ਜੀ ਨੇ ਆਪਣਾ ਸੀਸ ਹਾਜ਼ਰ ਕੀਤਾ। ਇਹ ਬਿਦਰ ਦੇ ਰਹਿਣ ਵਾਲੇ ਨਾਈ ਸਨ। ਪੰਜਾਂ ਦੇ ਸੀਸ ਧੜ ਨਾਲੋਂ ਵੱਖਰੇ ਕਰਕੇ ਸਤਿਗੁਰੂ ਜੀ ਨੇ ਆਪਣੀ ਆਤਮਿਕ ਸ਼ਕਤੀ ਨਾਲ ਪੰਜਾਂ ਨੂੰ ਸੁਰਜੀਤ ਕਰਕੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਪੰਜਾਂ ਨੂੰ ਛਕਾਇਆ ਤੇ ਸਾਰਿਆਂ ਦੀ ਜਾਤ-ਪਾਤ ਮੇਟ ਕੇ ਖ਼ਾਲਸਾ ਬਣਾਇਆ ਤੇ ਨਾਮ ਸਿੰਘ ਰੱਖਿਆ। ਇਨ੍ਹਾਂ ਨੂੰ ਸਤਿਗੁਰੂ ਜੀ ਨੇ ਪਿਆਰਿਆਂ ਦੀ ਪਦਵੀ ਦਿੱਤੀ। ਫਿਰ ਇਨ੍ਹਾਂ ਪੰਜਾਂ ਤੋਂ ਆਪ ਅੰਮ੍ਰਿਤ ਛੱਕ ਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ।

ਯਥਾ— **ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ॥**
**ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥**

[ਭਾ: ਗੁਰਦਾਸ ਸਿੰਘ ਜੀ, ਵਾਰ ੪੧, ਪਉੜੀ ੧੭]

ਆਪਣੇ ਸਰੂਪ ਵਿੱਚ ਅਭੇਦਤਾ ਦਰਸਾਉਂਦਿਆਂ ਸਤਿਗੁਰਾਂ ਨੇ ਬਚਨ ਕੀਤਾ :

ਯਥਾ— **ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹੌਂ ਕਰੌਂ ਨਿਵਾਸ॥੧॥**

[ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਜੀ, ਅੰਗ ੬੬੧]

ਇਥੇ ਇੱਕ ਗੱਲ ਵਿਚਾਰਨ ਯੋਗ ਹੈ ਕਿ ਕਲਗੀਧਰ ਪਾਤਸ਼ਾਹ ਦੀ ਇਸ ਇਤਿਹਾਸਕ ਘਟਨਾ ਨੂੰ ਕਈ

PDF created with pdfFactory Pro trial version www.pdffactory.com

ਲਿਖਾਰੀਆਂ ਨੇ ਕੋਝੀ ਸ਼ਰਾਰਤ ਨਾਲ, ਭੋਲੇ-ਭਾਅ ਵਿੱਚ, ਬਿਨਾਂ ਵਿਚਾਰੇ ਜਾਂ ਕੁਝ ਲਿਖਾਰੀਆਂ ਨੇ ਪਹਿਲੇ ਲਿਖਾਰੀਆਂ ਦੀ ਰੀਸ ਕਰਦਿਆਂ ਜਿਉਂ ਦਾ ਤਿਉਂ ਲਿਖ ਦਿੱਤਾ ਕਿ ਵੈਸਾਖੀ ਵਾਲੇ ਦਿਨ ਬੱਕਰੇ ਝਟਕਾਏ ਸਨ। ਇਹ ਲਿਖਣ ਲੱਗਿਆਂ ਇਹ ਸੋਚਿਆ ਹੀ ਨਹੀਂ ਕਿ ਇਹ ਸਿਧਾਂਤ ਗੁਰਬਾਣੀ ਤੋਂ ਉਲਟ ਹੈ। ਗੁਰਬਾਣੀ ਵਿੱਚ ਆਇਆ ਸਿਧਾਂਤ ਸਤਿਗੁਰਾਂ ਦੀ ਮਾਰ ਕੇ ਜੀਵਾਲਣ ਦੀ ਸਮਰੱਥਾ ਨੂੰ ਪ੍ਰਗਟਾਉਂਦਾ ਹੈ :

ਯਥਾ— **੧. ਸਤਿਗੁਰੁ ਮੇਰਾ ਮਾਰਿ ਜੀਵਾਲੈ ॥** [ਭੈਰਉ ਮਹਲਾ ੫, ਅੰਗ ੧੧੪੨]

**੨. ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥**

[ਸੋਰਠਿ ਮਹਲਾ ੫, ਅੰਗ ੬੧੪]

ਇਹੋ ਜਿਹੇ ਹੋਰ ਪ੍ਰਮਾਣ ਵੀ ਗੁਰਬਾਣੀ ਵਿੱਚ ਬੇਅੰਤ ਹਨ। ਸੋ, ਲੇਖਕਾਂ ਦੀ ਇਹ ਗ਼ਲਤੀ ਹੈ। ਇਤਿਹਾਸ ਉਹੀ ਮੰਨਣਯੋਗ ਹੈ, ਜੋ ਗੁਰਬਾਣੀ ਦੀ ਕਸੌਟੀ 'ਤੇ ਪੂਰਾ ਉਤਰੇ। ਬੱਕਰੇ ਝਟਕਾਉਣ ਦੀ ਗੱਲ ਨੂੰ ਮੰਨਣਾ ਗੁਰਬਾਣੀ ਦੇ ਸਿਧਾਂਤ ਤੋਂ ਮੁਨਕਰ ਹੋਣਾ ਹੈ। ਇੱਕ ਗ਼ਲਤੀ ਸੈਂਕੜੇ ਗ਼ਲਤੀਆਂ ਨੂੰ ਜਨਮ ਦਿੰਦੀ ਹੈ। ਬੱਕਰਿਆਂ ਦੀ ਗੱਲ ਨੂੰ ਸਹੀ ਮੰਨਣ ਨਾਲ ਇਤਿਹਾਸ ਦੇ ਇਹ ਤੱਥ ਵੀ ਗ਼ਲਤ ਹੋ ਜਾਣਗੇ।

੧. ਜੈਸਾ ਕਿ ਦਿੱਲੀ ਜਮਨਾ ਦੇ ਕਿਨਾਰੇ ਰਾਜੇ ਦੇ ਇੱਕ ਹਾਥੀ ਮਰੇ ਉੱਤੇ ਭਾਈ ਮਰਦਾਨੇ ਦੁਆਰਾ ਸਤਿਨਾਮ ਕਹਾ ਕੇ ਜਲ ਦਾ ਛਿੱਟਾ ਮਰਵਾਇਆ ਤੇ ਹਾਥੀ ਜਿਉਂਦਾ ਕੀਤਾ।
੨. ਤੀਸਰੇ ਪਾਤਸ਼ਾਹ ਦੇ ਪਵਿੱਤਰ ਚਰਨਾਂ ਨਾਲ ਹੱਡੀ ਛੋਹਣ ਤੋਂ ਨਾਰਕੀ ਜੀਵ ਪ੍ਰਗਟ ਹੋ ਕੇ ਬੈਕੁੰਠ ਨੂੰ ਜਾਣ ਦੀ ਸਾਖੀ ਇਤਿਹਾਸ ਵਿੱਚ ਪ੍ਰਸਿੱਧ ਹੈ। ਇੱਕ ਵਿਧਵਾ ਔਰਤ, ਜਿਸਦਾ ਬੇਟਾ ਮਿਰਤੂ ਨੂੰ ਪ੍ਰਾਪਤ ਹੋ ਗਿਆ ਸੀ, ਉਸਨੂੰ ਸਤਿਗੁਰਾਂ ਨੇ ਜਿਉਂਦਾ ਕੀਤਾ।
੩. ਪੰਜਵੇਂ ਪਾਤਸ਼ਾਹ ਨੇ ਲਾਹੌਰ ਵਿੱਚ ਭਾਈ ਸੰਮਨ ਦੇ ਪੁੱਤਰ ਮੂਸਨ ਨੂੰ ਜਿਊਂਦਾ ਕੀਤਾ।
੪. ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਪੁੱਤਰ ਬਾਬਾ ਅਟੱਲ ਰਾਇ ਜੀ ਨੇ ਆਪਣੇ ਸਾਥੀ ਮੋਹਨ ਨੂੰ ਖੂੰਡੀ ਨਾਲ ਜਿਉਂਦਾ ਕੀਤਾ।
੫. ਸਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਇੱਕ ਮਾਈ ਦਾ ਲੜਕਾ ਜਿਊਂਦਾ ਕੀਤਾ।
੬. ਬਾਬਾ ਗੁਰਦਿੱਤਾ ਜੀ ਨੇ ਪਹਾੜੀਆਂ ਦੀ ਗਊ ਜੀਊਂਦੀ ਕੀਤੀ।

ਇਹ ਇਤਿਹਾਸਕ ਘਟਨਾਵਾਂ ਸਾਹਮਣੇ ਹਨ। ਜਦੋਂ ਪਹਿਲਿਆਂ ਜਾਮਿਆਂ ਵਿੱਚ ਮੁਇਆਂ ਨੂੰ ਜਿਉਂਦੇ ਕਰਨ ਦੇ ਪ੍ਰਮਾਣਾਂ 'ਤੇ ਕੋਈ ਟੀਕਾ ਟਿੱਪਣੀ ਨਹੀਂ ਤਾਂ ਫਿਰ ਸ੍ਰੀ ਕਲਗ਼ੀਧਰ ਜੀ ਦੇ ਇਸ ਇਤਿਹਾਸਕ ਕੌਤਕ 'ਤੇ ਟੀਕਾ ਟਿੱਪਣੀ ਕਿਉਂ ? ਇਸ ਘਟਨਾ ਨੂੰ ਅੱਖੀਂ ਦੇਖਣ ਵਾਲਾ ਚਸ਼ਮਦੀਦ ਗਵਾਹ, ਜੋ ਔਰੰਗਜ਼ੇਬ ਦਾ ਗੁਪਤਚਰ ਸੀ। ਤਿਲਕ, ਜੰਞੂ, ਧੋਤੀ ਪਹਿਣ ਕੇ ਬ੍ਰਾਹਮਣੀ ਲਿਬਾਸ ਵਿੱਚ ਕਈ ਸਾਲ ਸੀ.ਆਈ.ਡੀ. ਕਰਦਾ ਰਿਹਾ, ਉਸਦੀ ਆਖ਼ਰੀ ਰਿਪੋਰਟ ਵੈਸਾਖੀ ਵਾਲੀ ਸੀ, ਜਿਸ ਵਿੱਚ ਉਸਨੇ ਕਿਹਾ ਕਿ ਪੈਂਤੀ ਤੋਂ ਚਾਲੀ ਹਜ਼ਾਰ ਦੇ ਲਗਭਗ ਲੋਕਾਂ ਦਾ ਇਕੱਠ ਅਨੰਦਪੁਰ ਸਾਹਿਬ ਹੋਇਆ। ਮੁਗ਼ਲਾਂ ਦੇ ਚਾਰੇ ਤਖ਼ਤ ਦਿਲੀ, ਲਾਹੌਰ, ਆਗਰਾ ਤੇ ਕਲਾਨੌਰ ਜੋ ਹਨ। ਗੁਰੂ ਦਾ ਤਖ਼ਤ ਜੋ ਅਨੰਦਪੁਰ ਸਾਹਿਬ ਸੁਸ਼ੋਭਿਤ ਹੈ, ਇਸ਼ ਦੇ ਮੂਹਰੇ ਤੁਛ ਲਗਦੇ ਹਨ। ਗੁਰੂ ਜੀ ਨੇ ਇੱਕ ਇੱਕ ਕਰਕੇ ਪੰਜ ਸੀਸ ਲਏ। ਦੀਵਾਨ ਵਿੱਚ ਮੌਤ ਵਰਗੀ ਚੁੱਪ ਛਾ ਗਈ। ਇਸ ਸੱਜਣ ਦਾ ਨਾਮ ਅਬੂਉਲ ਤਰਾਨੀ ਸੀ। ਇਸਦੀ ਸਾਰੀ ਰਿਪੋਰਟ ਅਲੀਗੜ੍ਹ ਯੂਨੀਵਰਸਿਟੀ ਵਿੱਚ ਪਈ ਸੁਣੀਦੀ ਹੈ। ਜਿਥੇ ਔਰੰਗਜ਼ੇਬ ਦਾ ਰਿਕਾਰਡ ਮੌਜੂਦ ਹੈ। ਉਹ ਕਹਿੰਦਾ ਹੈ ਕਿ ਹੇ ਔਰੰਗਜ਼ੇਬ ! ਮੈਂ ਅੱਜ ਤੋਂ ਤੇਰਾ ਨੌਕਰ ਨਹੀਂ ਰਿਹਾ, ਬਲਕਿ ਗੁਰੂ ਦਾ ਸੇਵਕ ਹੋ ਗਿਆ ਹਾਂ। ਵੈਸਾਖੀ ਵਾਲੀ ਘਟਨਾ ਨੇ ਮੈਨੂੰ ਤਨੋਂ ਮਨੋਂ ਬਦਲ ਦਿੱਤਾ ਹੈ। ਇਸ ਦੇ ਕਹਿਣ ਮੁਤਾਬਿਕ ਸਤਿਗੁਰੂ ਨੇ ਭਰੇ ਦਰਬਾਰ ਵਿੱਚ ਹੀ ਸਿੱਖਾਂ ਦੇ ਸੀਸ ਧੜ ਨਾਲੋਂ ਵਖਰੇ ਕੀਤੇ। ਇਸ ਨੇ ਤੰਬੂ ਦਾ ਕਿਤੇ ਕੋਈ ਜ਼ਿਕਰ ਨਹੀਂ ਕੀਤਾ। ਫਿਰ ਇਹ ਕਹਿੰਦਾ ਹੈ ਕਿ ਗੁਰੂ ਨੇ ਬਿਨਾਂ ਕੂੰਡਿਆਂ ਤੋਂ ਕੜਾਹੀ ਲਈ (ਜਿਸ ਦਾ ਭਾਵ ਹੈ ਸਰਬ ਲੋਹ ਦਾ ਬਾਟਾ),

PDF created with pdfFactory Pro trial version www.pdffactory.com

ਉਸ ਕੜਾਹੀ ਵਿੱਚ ਅੰਮ੍ਰਿਤ ਤਿਆਰ ਕੀਤਾ ਤੇ ਅੰਮ੍ਰਿਤ ਨੂੰ ਪੰਜਾਂ ਸਿੰਘਾਂ ਦੇ ਮੁਖ ਵਿੱਚ ਪਾ ਕੇ ਉਨ੍ਹਾਂ ਨੂੰ ਸੁਰਜੀਤ ਕੀਤਾ। ਫਿਰ ਇਸ ਨੇ ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਛਕਿਆ ਤੇ ਨਾਮ ਅਜਮੇਰ ਸਿੰਘ ਹੋਇਆ। ਜੋ ਸਤਿਗੁਰਾਂ ਨਾਲ ਹੋ ਕੇ ਕਈ ਜੰਗਾਂ ਵਿੱਚ ਲੜਦਾ ਰਿਹਾ। ਸੋ, ਇਹ ਗੁਰਮੁਖ ਸਾਡੇ ਲਿਖਾਰੀਆਂ ਨਾਲੋਂ ਵਧੇਰੇ ਸੱਚ ਪ੍ਰਗਟ ਕਰਦਾ ਹੈ। ਫਿਰ ਅੰਮ੍ਰਿਤ ਛਕਾ ਕੇ ਸਤਿਗੁਰਾਂ ਨੇ ਰਹਿਤ ਦੱਸੀ ਕਿ ਪੰਜ ਕਕਾਰਾਂ ਵਿੱਚ ਤਿਆਰ-ਬਰ-ਤਿਆਰ ਰਹਿਣਾ, ਘੱਟ ਤੋਂ ਘੱਟ ਅੰਮ੍ਰਿਤ ਵੇਲੇ ਪੰਜ ਬਾਣੀਆਂ ਦਾ ਨਿਤਨੇਮ, ਸ਼ਾਮ ਨੂੰ ਰਹਿਰਾਸ ਤੇ ਸੌਣ ਲੱਗੇ ਕੀਰਤਨ ਸੋਹਿਲੇ ਦਾ ਪਾਠ। ਗੁਰ ਮੰਤ੍ਰ, ਮੂਲ ਮੰਤ੍ਰ ਦਾ ਅਭਿਆਸ ਕਰਨਾ, ਚਾਰ ਬੱਜਰ ਕੁਰਹਿਤਾਂ ਤੋਂ ਬਚ ਕੇ ਰਹਿਣਾ, ਚੋਰੀ ਯਾਰੀ ਨਹੀਂ ਕਰਨੀ, ਝੂਠ ਨਹੀਂ ਬੋਲਣਾ, ਸਰੀਰ ਦੀ ਉਪਜੀਵਕਾ ਧਰਮ ਕਿਰਤ ਨਾਲ ਕਰਨੀ, ਸਰਬੱਤ ਦਾ ਭਲਾ ਲੋਚਣਾ, ਧਰਮ ਦੀ ਪਾਲਣ ਕਰਦੇ ਹੋਏ ਸਰੀਰ ਕੁਰਬਾਨ ਕਰ ਦੇਣਾ। ਜੋ ਐਸੀ ਰਹਿਤ ਰਖੇਗਾ, ਉਹ ਮੇਰਾ ਤੇ ਮੈਂ ਉਸਦਾ ਹਾਂ। ਮੈਨੂੰ ਰਹਿਤ ਪਿਆਰੀ ਹੈ ਸਿੱਖ ਪਿਆਰਾ ਨਹੀਂ ਹੈ।

ਯਥਾ— **੧. ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ ॥**
**ਸਿਖ ਪਿਆਰਾ ਨਾਹਿ ਮਮ ਰਹਿਤ ਪਿਆਰੀ ਆਹਿ ॥**

**੨. ਰਹਿਣੀ ਰਹੈ ਸੋਈ ਸਿਖ ਮੇਰਾ ॥**
**ਓਹੁ ਸਾਹਿਬ ਮੈਂ ਉਸ ਕਾ ਚੇਰਾ ॥**

**੩. ਇਹੈ ਮੋਰ ਆਗਿਆ ਸੁਨੋ ਲੈ ਪਿਆਰੇ ॥**
**ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ ॥** [ਗੁਰਬਿਲਾਸ ਪਾ: ੧੦, ਅਧਿ: ੨੩, ਪੰਨਾ ੪੯੨]

**੪. ੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥ ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥**
**ਨਿਸ਼ਾਨੇ ਸਿਖੀ ਪੰਜ ਹਰਫ ਅਸਤ ਕਾਫ਼ ॥ ਹਰਗਿਜ਼ ਨ ਬਾਸ਼ਦ ਅਜ਼ੀਂ ਪੰਜ ਮੁਆਫ਼ ॥੧॥**
**ਕੜਾ ਕਾਰਦੋ ਕੱਛ ਕੰਘੇ ਬਿਦਾਂ ॥ ਬਿਲਾ ਕੇਸ ਹੇਚ ਅਸਤ ਜੁਮਲੇ ਨਿਸ਼ਾਂ ॥੨॥**
**ਹਰਫ ਹਾਇਕਾਤ ਅਸਤ ਅਜ਼ੀਂ ਪੰਜ ਕਾਫ਼ ॥ ਬਿਦਾਨੰਦ ਬਾਵਰ ਨ ਗੋਯਸ ਖਿਲਾਫ਼ ॥੩॥**
**ਹੁਕਾ ਹਜਾਮਤ ਹਲਾਲੋ ਹਰਾਮ ॥ ਬਾਰੀਸ਼ੇ ਹਿਨਾਂ ਕਰਦ ਰੂ ਸਿਯਾ ਫਾਮ ॥੪॥੧॥**

ਸੋ, ਉਸ ਸਮੇਂ ਦੀ ਘਟਨਾ ਦਾ ਦੇਖਣ ਵਾਲਿਆਂ 'ਤੇ ਇਤਨਾ ਅਸਰ ਹੋਇਆ ਕਿ ੨੦ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਜਿਨ੍ਹਾਂ ਵਿੱਚ ਸਤਿਗੁਰਾਂ ਦਾ ਆਪਣਾ ਪਰਿਵਾਰ, ਤਿੰਨੇ ਮਾਤਾਵਾਂ, ਚਾਰੇ ਸਾਹਿਬਜ਼ਾਦੇ ਔਰ ਪਰਮ ਪੂਜਨੀਕ ਮਾਤਾ ਗੁਜਰ ਕੌਰ ਜੀ ਸਾਰੇ ਪਰਿਵਾਰ ਨੇ ਅੰਮ੍ਰਿਤ ਛਕਿਆ। ਜੋ ਕਈ ਲੇਖਕ ਇਸ ਗੱਲ ਦਾ ਵਿਰੋਧ ਕਰਦੇ ਹਨ ਕਿ ਇਤਿਹਾਸ ਵਿੱਚ ਇਹ ਕਿਤੇ ਲਿਖਿਆ ਨਹੀਂ ਮਿਲਦਾ ਕਿ ਗੁਰੂ ਕੇ ਪਰਿਵਾਰ ਨੇ ਅੰਮ੍ਰਿਤਪਾਨ ਕੀਤਾ। ਪਹਿਲੀ ਗੱਲ ਇਹ ਗੁਰੂ ਦੇ ਸੁਭਾਅ ਤੋਂ ਉਲਟ ਹੈ ਕਿ ਜਿਸ ਅੰਮ੍ਰਿਤ ਨਾਲ ਗੁਰੂ ਨੇ ਐਨਾ ਪਿਆਰ ਕੀਤਾ ਕਿ ਜਿਸ ਦੇ ਛਕਣ ਦੇ ਬਦਲੇ ਸਰਬੰਸ ਕੁਰਬਾਨ ਕੀਤਾ। ਜੋ ਗੁਰੂ ਲੋਕਾਂ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਕਰਦਾ ਹੈ ਕਿ ਉਸ ਸਤਿਗੁਰੂ ਨੇ ਆਪਣੇ ਪਰਿਵਾਰ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਕਿਉਂ ਨਹੀਂ ਕੀਤੀ ਹੋਵੇਗੀ। ਸਿਦਕ ਤੋਂ ਹੀਣ ਪ੍ਰਚਾਰਕਾਂ ਦੇ ਪ੍ਰਚਾਰ ਨੂੰ ਸੁਣ ਕੇ ਸ਼ੰਕਾ ਨਹੀਂ ਧਾਰਨੀ।

ਸ੍ਰੀ ਕੇਸਗੜ੍ਹ ਸਾਹਿਬ ਦੀ ਪੁਰਾਣੀ ਇਮਾਰਤ ਜੋ ਖਸਤਾ ਹੋਣ ਪਿੱਛੋਂ ਵਧਾਈ ਗਈ ਨਵੀਂ ਇਮਾਰਤ ਦੀਆਂ ਨੀਹਾਂ ਖੋਦਣ ਵੇਲੇ ਤਾਂਬਰ ਪੱਤਰ ਮਿਲੇ, ਜਿਨ੍ਹਾਂ ਉੱਤੇ ਗੁਰੂ ਕੇ ਮਹਿਲ ਅਤੇ ਸਾਹਿਬਜ਼ਾਦਿਆਂ ਦੇ ਅੰਮ੍ਰਿਤ ਪਾਨ ਕਰਨ ਦੀ ਤਾਰੀਖ਼ ਉਕਰੀ ਹੋਈ ਸੀ। ਉਦੋਂ ਪੰਜ ਪਿਆਰਿਆਂ ਦੀ ਸੇਵਾ ਵਿੱਚ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ, ਸੰਤ ਮੱਘਰ ਸਿੰਘ ਜੀ ਰਾਮਗੜ੍ਹ ਵਾਲੇ, ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਅਤੇ ਸੰਤ ਹਰੀ ਸਿੰਘ ਜੀ ਕਹਾਰਪੁਰ ਵਾਲੇ ਹਾਜ਼ਰ ਸਨ। ਗਿਆਨੀ ਚੰਦਾ ਸਿੰਘ ਜੀ ਫ਼ਿਰੋਜ਼ਪੁਰੀ ਨੇ ੧੭੯੦ ਈ: ਵਿੱਚ, ਜੋ ਸਤਿਗੁਰੂ ਜੀ ਦੀ ਤਵਾਰੀਖ਼ ਲਿਖੀ ਹੈ, ਉਸ ਵਿੱਚ ਵੀ ਮਾਤਾ

PDF created with pdfFactory Pro trial version www.pdffactory.com

ਗੁਜਰ ਕੌਰ ਜੀ ਦਾ, ਸਤਿਗੁਰਾਂ ਦੇ ਮਹਿਲਾਂ ਦਾ ਅਤੇ ਸਾਹਿਬਜ਼ਾਦਿਆਂ ਦਾ ਅੰਮ੍ਰਿਤ ਛਕਣਾ ਲਿਖਿਆ ਹੈ। ਸੋ, ਇਸ ਪ੍ਰਕਾਰ ਵੈਸਾਖੀ ਵਾਲਾ ਦਿਨ ਸਿੱਖ ਜਗਤ ਵਿੱਚ ਬੜੀ ਮਹੱਤਤਾ ਵਾਲਾ ਦਿਨ ਹੈ।

ਵੈਸਾਖ ਮਹੀਨੇ ਦੇ ਅਰਥ ਕਰਨ ਤੋਂ ਪਹਿਲਾਂ ਇਹ ਗੱਲ ਦੱਸਣੀ ਬੜੀ ਜ਼ਰੂਰੀ ਹੈ ਕਿ ਦੋ ਮਹੀਨਿਆਂ ਦੀ ਇੱਕ ਰੁੱਤ ਹੋਇਆ ਕਰਦੀ ਹੈ। ਸੋ ਇਥੇ ਪਹਿਲੀ ਰੁੱਤ ਜਿਸ ਨੂੰ ਬਸੰਤ ਰੁੱਤ ਕਿਹਾ ਗਿਆ ਹੈ। ਜਿਸ ਵਿੱਚ ਫੁੱਲ ਆਦਿ ਖਿੜਦੇ ਹਨ, ਬਨਸਪਤੀ ਪ੍ਰਫੁਲਤ ਹੁੰਦੀ ਹੈ। ਸੋ ਸਤਿਗੁਰੂ ਜੀ ਨੇ ਖਟ ਰੁੱਤਾਂ ਬਾਬਤ ਫ਼ੁਰਮਾਇਆ ਹੈ ਕਿ ਇਹ ਸਭ ਤਾਂ ਸਫਲੀਆਂ ਹਨ:

ਯਥਾ— **੧. ਸਾ ਰੁਤਿ ਸੁਹਾਵੀ ਜਿਤੁ ਹਰਿ ਚਿਤਿ ਆਵੈ ॥** [ਬਸੰਤੁ ਮਹਲਾ ੫, ਅੰਗ ੧੧੮੩]

**੨. ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ ॥** [ਮਾਰੂ ਮਹਲਾ ੧, ਅੰਗ ੧੦੧੫]

**੩. ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥**
**ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥** [ਤੁਖਾਰੀ ਮਹਲਾ ੧, ਅੰਗ ੧੧੦੯]

ਸੋ ਵੈਸਾਖ, ਬਸੰਤ ਰੁਤ ਦਾ ਦੂਜਾ ਮਹੀਨਾ ਹੈ। ਬਸੰਤ ਚੜ੍ਹਣ ਤੋਂ ਬਨਸਪਤੀ ਤਰ੍ਹਾਂ-ਤਰ੍ਹਾਂ ਦੇ ਵੇਸ ਕਰਕੇ ਆਪਣੇ ਉਤਸ਼ਾਹ ਨੂੰ ਪ੍ਰਗਟਾਉਂਦੀ ਹੈ।

ਯਥਾ— **ਵੈਸਾਖੁ ਭਲਾ ਸਾਖਾ ਵੇਸ ਕਰੇ ॥** [ਤੁਖਾਰੀ ਮਹਲਾ ੧, ਅੰਗ ੧੧੦੮]

ਬਸੰਤ ਰੁੱਤ ਵਿੱਚ ਵੈਸਾਖ ਦਾ ਮਹੀਨਾ ਅਤਿਅੰਤ ਸੋਭਨੀਕ ਹੈ। ਸੰਤ ਭਗਤ ਵੀ ਇਸ ਬਸੰਤ ਰੁੱਤ ਨੂੰ ਖਿੜੀ ਹੋਈ ਦੇਖ ਕੇ, ਪ੍ਰਮੇਸ਼ਰ ਦੀ ਰਚਨਾ ਨੂੰ ਦੇਖ ਕੇ ਆਪਣੇ ਮਨ ਵਿੱਚ ਪ੍ਰਸੰਨ ਹੁੰਦੇ ਹਨ।

## ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥

ਸਤਿਗੁਰੂ ਜੀ ਵੈਸਾਖ ਦੇ ਮਹੀਨੇ ਦੁਆਰਾ ਉਪਦੇਸ਼ ਕਰਦੇ ਹਨ ਕਿ ਜਿਸ ਤਰ੍ਹਾਂ ਪਤੀ ਤੋਂ ਵਿਛੜੀਆਂ ਹੋਈਆਂ ਇਸਤਰੀਆਂ ਨੂੰ ਧੀਰਜ ਨਹੀਂ ਆਉਂਦਾ। ਇਸੇ ਤਰ੍ਹਾਂ ਮਨੁੱਖਾ ਸਰੀਰ ਰੂਪੀ ਵੈਸਾਖ ਦੇ ਮਹੀਨੇ ਵਿੱਚ ਵਾਢੀਆ=ਵਿਛੁੜੀਆਂ ਹੋਈਆਂ ਜਗਿਆਸੂ ਰੂਪ ਇਸਤਰੀਆਂ ਨੂੰ ਕਿਵੇਂ ਧੀਰਜ ਹੋ ਸਕਦਾ ਹੈ, ਜਿਨਾਂ ਨੂੰ ਵਾਹਿਗੁਰੂ ਦੇ ਪ੍ਰੇਮ ਦਾ ਬਿਛੋਹ=ਵਿਛੋੜਾ ਹੋ ਰਿਹਾ ਹੈ। ਜਿਸ ਤਰ੍ਹਾਂ ਚਕਵੀ ਵਾਸਤੇ ਅਨੇਕਾਂ ਚੰਦ ਚੜ੍ਹ ਜਾਣ ਤੇ ਚਕੋਰ ਵਾਸਤੇ ਅਨੇਕਾਂ ਸੂਰਜ ਚੜ ਜਾਣ ਪਰ ਉਹਨਾਂ ਨੂੰ ਆਪਣੇ ਪਿਆਰੇ ਤੋਂ ਬਿਨਾਂ ਕਿਸੇ ਪ੍ਰਕਾਰ ਵੀ ਧੀਰਜ ਨਹੀਂ ਆਉਂਦੀ। ਇਸੇ ਪ੍ਰਕਾਰ ਪ੍ਰੇਮੀ ਜਗਿਆਸੂ ਨੂੰ ਪ੍ਰਮੇਸ਼ਰ ਤੋਂ ਵਿਛੜਨ ਕਰਕੇ ਚੰਦ ਵਾਂਗ ਆਸਾਂ ਦਾ ਚੰਦਰਮਾ ਕਿਉਂ ਨਾ ਪ੍ਰਕਾਸ਼ ਪਵੇ, ਸੂਰਜ ਵਾਂਗ ਘਰ-ਘਰ ਜਸ ਭੀ ਕਿਉਂ ਨਾ ਹੋਣ ਲੱਗ ਜਾਵੇ। ਅੰਨ੍ਹੇ ਅੱਗੇ ਕਰੋੜਾਂ ਦੀਵੇ ਬਾਲਣ ਵਾਂਗ ਉਨ੍ਹਾਂ ਨੂੰ ਅਨੇਕਾਂ ਬੇਦਾਂ ਸ਼ਾਸ਼ਤ੍ਰਾਂ ਦਾ ਗਿਆਨ ਕਿਉਂ ਨਾ ਕਥਨ ਕਰਕੇ ਸੁਣਾਇਆ ਜਾਵੇ, ਪਰ ਉਨ੍ਹਾਂ ਪ੍ਰੇਮੀ ਜਗਿਆਸੂਆਂ ਨੂੰ ਫੇਰ ਵੀ ਧੀਰਜ ਨਹੀਂ ਆਉਂਦੀ ਅਤੇ ਉਹ ਆਪਣੇ ਪਿਆਰੇ ਪ੍ਰਮੇਸ਼ਰ ਤੋਂ ਬਿਨਾਂ ਇਉਂ ਜਾਣਦੇ ਹਨ।

ਯਥਾ— **ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥**
**ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥** [ਵਾਰ ਆਸਾ ਮਹਲਾ ੨, ਅੰਗ ੪੬੩]

ਅਥਵਾ:—ਵੈਸਾਖ=ਵੈ=ਉਹ ਜੋ ਬ੍ਰਹਮ ਸਾਖਿ=ਵੇਦਾਂ ਸ਼ਾਸ਼ਤ੍ਰਾਂ ਕਰਕੇ ਪ੍ਰਤੀਪਾਦਨ ਯੋਗ ਹੈ। ਵਾ—ਵੈ=ਉਹ ਜੋ ਸਾਖਿ=ਚੇਤਨ ਸਰੂਪ ਹੈ, ਦੇ ਪ੍ਰੇਮ ਤੋਂ ਬਿਨਾਂ, ਉਸਦੇ ਵਿਛੜਨੇ ਕਰਕੇ ਕਿਵੇਂ ਧੀਰਜ ਆਵੇ, ਭਾਵ ਧੀਰਜ ਨਹੀਂ ਆਉਂਦੀ। ਪ੍ਰਮੇਸ਼ਰ ਨੂੰ ਚਿੰਤਨ ਕਰਨ ਤੋਂ ਬਿਨਾਂ ਭਾਵੇਂ ਬਸੰਤ ਰੁਤ ਕਿਉਂ ਨਾ ਹੋਵੇ, ਉਹ ਵੀ ਧ੍ਰਿਕਾਰ ਯੋਗ ਹੈ।

ਯਥਾ— **ਜਿਤੁ ਦਿਨਿ ਵਿਸਰੈ ਪਾਰਬ੍ਰਹਮ ਫਿਟੁ ਭਲੇਰੀ ਰੁਤਿ ॥** [ਵਾਰ ਗਉੜੀ ਮਃ ੫, ਅੰਗ ੩੧੮]

ਉਨ੍ਹਾਂ ਜਗਿਆਸੂਆਂ ਨੂੰ ਬਸੰਤ ਚੰਗਾ ਸੋਭਨੀਕ ਹੈ, ਜਿਨ੍ਹਾਂ ਦੇ ਹਿਰਦੇ ਘਰ ਵਿੱਚ ਪਤੀ ਪ੍ਰਮੇਸ਼ਰ ਵਸਿਆ, ਭਾਵ ਸਾਖਯਾਤ ਹੋਇਆ ਹੈ।

PDF created with pdfFactory Pro trial version www.pdffactory.com

ਯਥਾ— **ਨਾਨਕ ਤਿਨਾ ਬਸੰਤ ਹੈ ਜਿਨ੍ ਘਰਿ ਵਸਿਆ ਕੰਤੁ ॥** [ਵਾਰ ਸੂਹੀ ਮਹਲਾ ੨, ਅੰਗ ੭੯੧]

ਜਿਨ੍ਹਾਂ ਦਾ ਪਤੀ ਦੂਜੇ ਦੇਸ ਗਿਆ ਹੋਇਆ ਹੈ, ਭਾਵ ਪ੍ਰਮੇਸ਼ਰ ਸਾਖਯਾਤ ਨਹੀਂ ਹੋਇਆ, ਉਨ੍ਹਾਂ ਨੂੰ ਧੀਰਜ ਨਹੀਂ ਆਉਂਦੀ ਅਤੇ ਉਹ ਵਾਹਿਗੁਰੂ ਪਤੀ ਨਾਲੋਂ ਵਿਛੜ ਕੇ ਰਾਤ ਦਿਨ ਸੜਦੇ ਹੀ ਰਹਿੰਦੇ ਹਨ:

ਯਥਾ— **ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥**

[ਵਾਰ ਸੂਹੀ ਮਹਲਾ ੨, ਅੰਗ ੭੯੧]

ਸਤਿਗੁਰੂ ਮਹਾਰਾਜ ਜੀ ਨੂੰ ਗੁਰਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਆਪ ਤਾਂ ਵਾਹਿਗੁਰੂ ਨੂੰ ਸਾਰੇ ਵਿਆਪਕ ਕਥਨ ਕਰਦੇ ਹੋ:

ਯਥਾ— **੧. ਜਲਿ ਥਲਿ ਪੂਰਿ ਰਹਿਆ ਮਿਹਰਵਾਨਾ ॥** [ਮਾਝ ਮਹਲਾ ੫, ਅੰਗ ੧੦੫]

**੨. ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ ਅਗਮ ਰੂਪ ਗਿਰਧਾਰੇ ॥**

[ਧਨਾਸਰੀ ਮਹਲਾ ੫, ਅੰਗ ੬੭੦]

ਜੇ ਪ੍ਰਮੇਸ਼ਰ ਸਾਰੇ ਵਿਆਪਕ ਹੈ ਤਾਂ ਫਿਰ ਜੀਵ ਪ੍ਰਮਾਤਮਾ ਤੋਂ ਵਿਛੜੇ ਹੋਏ ਕਿਵੇਂ ਹਨ। ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਉਹ ਪ੍ਰਮੇਸ਼ਰ ਹੈ ਤਾਂ ਸਾਰੇ ਵਿਆਪਕ ਪਰ ਜਿਸ ਤਰ੍ਹਾਂ ਬਰੀਕ ਪੜਦੇ ਕਰਕੇ ਨੇੜੇ ਦੀ ਚੀਜ਼ ਵੀ ਵਿਖਾਈ ਨਹੀਂ ਦਿੰਦੀ, ਇਸੇ ਤਰ੍ਹਾਂ:

**ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥** [ਸੋਰਠਿ ਮਹਲਾ ੫, ਅੰਗ ੬੨੪]

ਮਾਇਆ, ਵਾ—ਤ੍ਰਿਸ਼ਨਾ, ਵਾ—ਹੰਕਾਰ ਰੂਪੀ ਜੋ ਭੰਭੀਰੀ ਦੇ ਖੰਭ ਦੀ ਤਰ੍ਹਾਂ ਬਾਰੀਕ ਪਰਦਾ ਹੈ, ਉਸ ਕਰਕੇ ਨੇੜੇ ਹੁੰਦਾ ਹੋਇਆ ਪ੍ਰਮੇਸ਼ਰ ਦਿਸਦਾ ਨਹੀਂ ਤੇ ਦੂਰ ਜਾਪਦਾ ਹੈ। ਜਿਸ ਉੱਤੇ ਗੁਰੂ ਦੀ ਕਿਰਪਾ ਹੋਵੇ, ਉਹ ਜਗਿਆਸੂ ਪਰਦੇ ਨੂੰ ਦੂਰ ਕਰਕੇ ਪ੍ਰਮੇਸ਼ਰ ਨੂੰ ਦੇਖਦਾ ਹੈ:

ਯਥਾ— **ਸਭਨਾ ਪਿਰੁ ਵਸੈ ਸਦਾ ਨਾਲੇ ॥ ਗੁਰ ਪਰਸਾਦੀ ਕੋ ਨਦਰਿ ਨਿਹਾਲੇ ॥**

[ਮਾਝ ਮਹਲਾ ੩, ਅੰਗ ੧੧੨]

ਉਸ ਵਾਹਿਗੁਰੂ ਤੋਂ ਬਿਨਾਂ:

ਯਥਾ— **ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ ॥**
**ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ ॥** [ਡਖਣੇ ਮਹਲਾ ੫, ਅੰਗ ੧੧੦੨]

ਭਾਵੇਂ ਜਪ ਤਪ ਰੂਪੀ ਹੀਰੇ ਲਾਲਾਂ ਦੀ ਜੜ੍ਹਤੀ ਵਾਲੀਆਂ ਅੰਤਸ਼ਕਰਨ ਰੂਪੀ ਸੋਭਨੀਕ ਸੇਜਾ ਕਿਉਂ ਨਾ ਹੋਣ, ਵੈਰਾਗ ਰੂਪੀ ਸੁਭਰ=ਉਜਲ ਕਪੜੇ ਹੋਣ ਤੇ ਹੋਰ ਅਨੇਕਾਂ ਭੋਗ=ਪਦਾਰਥ ਹੋਣ ਪਰ ਵਾਹਿਗੁਰੂ ਦੀ ਸਖਯਾਤਤਾ ਤੋਂ ਬਿਨਾਂ ਉਹ ਵੀ ਦੁਖਦਾਈ ਹਨ, ਕਿਉਂਕਿ ਸਖਿਆਤਤਾ ਤੋਂ ਬਿਨਾਂ ਉਹਨਾਂ ਦੇ ਹਿਰਦੇ ਨੂੰ ਧੀਰਜ ਨਹੀਂ ਆਉਂਦੀ। ਉਹ ਅਕਾਲ ਪੁਰਖ ਪ੍ਰੇਮ ਨਾਲ ਹੀ ਪ੍ਰਾਪਤ ਹੋ ਸਕਦਾ ਹੈ।

ਯਥਾ— **ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥**

[ਸ੍ਰੀ ਦਸਮ ਗ੍ਰੰਥ, ਅੰਗ ੧੪]

ਜੋ ਪ੍ਰੇਮ ਤੋਂ ਵਿਛੜੇ ਹਨ, ਉਨ੍ਹਾਂ ਨੂੰ ਪ੍ਰਮਾਤਮਾ ਪ੍ਰਾਪਤ ਨਹੀਂ ਹੋ ਸਕਦਾ। ਜੋ ਪ੍ਰੇਮੀ ਹਨ, ਉਹ ਨਿਰ ਵਿਕਾਰ ਹੋ ਕੇ ਪ੍ਰਮਾਤਮਾ ਨਾਲ ਇੱਕ-ਮਿਕ ਹੋ ਕੇ ਸਮਾਅ ਜਾਂਦੇ ਹਨ। ਜਿਵੇਂ ਨਾਲਿਆਂ ਦਾ ਪਾਣੀ ਗੰਗਾ ਵਿੱਚ ਪੈ ਕੇ ਗੰਗਾ ਦਾ ਰੂਪ ਹੋ ਜਾਂਦਾ ਹੈ, ਇਸੇ ਤਰ੍ਹਾਂ ਪ੍ਰੇਮੀ ਪੁਰਸ਼ ਰੂਪ ਨਾਲੇ, ਵਾਹਿਗੁਰੂ ਰੂਪ ਗੰਗਾ ਵਿੱਚ ਸਮਾਅ ਕਰਕੇ ਅਭੇਦ ਹੋ ਜਾਂਦੇ ਹਨ।

ਯਥਾ— **ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥**

[ਧਨਾਸਰੀ ਕਬੀਰ ਜੀ, ਅੰਗ ੬੯੨]

PDF created with pdfFactory Pro trial version www.pdffactory.com

ਗੁਰਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਹੇ ਸਤਿਗੁਰੂ ਜੀ! ਜੀਵ ਉਸ ਪ੍ਰਮੇਸ਼ਰ ਦੇ ਪ੍ਰੇਮ ਤੋਂ ਕਿਸ ਕਾਰਨ ਕਰਕੇ ਵਿਛੜੇ ਹਨ ਤਾਂ ਸਤਿਗੁਰੂ ਜੀ ਕਹਿਣ ਲੱਗੇ

## *ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥*

ਹਰਿ=ਪ੍ਰਮੇਸ਼ਰ ਜੋ ਸਾਰਿਆਂ ਦਾ ਸੱਜਣ ਹੈ ਅਤੇ ਪੁਰਖੁ=ਵਿਆਪਕ ਹੈ, ਉਸ ਪ੍ਰਮੇਸ਼ਰ ਨੂੰ ਵਿਸਾਰਿ=ਭੁਲਾ ਕੇ ਧੋਹੁ=ਛਲ ਰੂਪ ਮਾਇਆ ਵਿੱਚ ਬੁੱਧੀ ਲੱਗੀ ਹੋਈ ਹੈ। ਸੰਸਾਰ ਵਿੱਚ ਤਿੰਨ ਮਿੱਤਰ ਮੰਨੇ ਹਨ—(੧) ਧਨ, (੨) ਇਸਤਰੀ, (੩) ਸੰਬੰਧੀ ਆਦਿ ਮੰਨੇ ਹਨ। (੧) ਧਨ ਤਾਂ ਕੇਵਲ ਉਤਨੀ ਦੇਰ ਹੀ ਸੰਗੀ ਰਹਿੰਦਾ ਹੈ, ਜਿਤਨੀ ਦੇਰ ਪਰਾਲਬਧ ਹੈ, ਜਦੋਂ ਪਰਾਰਬਧ ਰੂਪੀ ਸੂਰਜ ਦਾ ਰੱਥ ਫਿਰ ਕੇ ਪੁੰਨੀ ਪੁਰਖਾਂ ਵੱਲ ਚਲਾ ਜਾਂਦਾ ਹੈ ਤਾਂ ਫਿਰ ਜੀਵ ਰੂਪੀ ਬ੍ਰਿਛ ਦੀ ਪਦਾਰਥਾਂ ਰੂਪੀ ਛਾਂ ਚਲੀ ਜਾਂਦੀ ਹੈ ਅਤੇ ਕੇਵਲ ਜੀਵ ਰੂਪ ਬ੍ਰਿਛ ਰਹਿ ਜਾਂਦਾ ਹੈ। (੨) ਇਸਤਰੀ ਵੀ ਜੀਵ ਦੀ ਮ੍ਰਿਤੂ ਤੱਕ ਮਿੱਤਰ ਹੈ। ਮ੍ਰਿਤੂ ਸਮੇਂ ਪਤੀ-ਪਤੀ ਕਰਦੀ ਖੜ੍ਹੀ ਰਹਿ ਜਾਂਦੀ ਹੈ, ਕੋਈ ਸਹਾਇਤਾ ਨਹੀਂ ਕਰਦੀ। ਸਗੋਂ ਮ੍ਰਿਤੂ ਤੋਂ ਬਾਅਦ ਇਹ ਕਹਿ ਕੇ ਪਾਸੇ ਚਲੀ ਜਾਂਦੀ ਹੈ:

ਯਥਾ— **ਘਰ ਕੀ ਨਾਰਿ ਉਰਹਿ ਤਨ ਲਾਗੀ ॥**
**ਉਹ ਤਉ ਭੂਤੁ ਭੂਤੁ ਕਰਿ ਭਾਗੀ ॥** [ਸੂਹੀ ਰਵਿਦਾਸ ਜੀ, ਅੰਗ ੭੯੪]

(੩) ਪੁੱਤਰ, ਸੰਬੰਧੀ ਆਦਿ ਵੀ ਸ਼ਮਸ਼ਾਨ ਭੂਮੀ ਤਕ ਹੀ ਨਾਲ ਜਾਂਦੇ ਹਨ।

ਯਥਾ— **ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ ॥** [ਸੋਰਠਿ ਕਬੀਰ ਜੀ, ਅੰਗ ੬੫੪]

ਅੰਤ ਨੂੰ ਕੋਈ ਸਾਥੀ ਬਣ ਕੇ ਪ੍ਰਲੋਕ ਵਿੱਚ ਸਹਾਇਤਾ ਨਹੀਂ ਕਰਦਾ। ਇਹ ਸੰਸਾਰ ਦੇ ਤਿੰਨ ਮਿੱਤਰ ਹਨ। ਚੌਥਾ ਪ੍ਰਲੋਕ ਦਾ ਮਿੱਤਰ ਕਰਮ ਹੈ, ਜੋ ਚੰਗੇ ਮਾੜੇ ਕਰਮ ਪ੍ਰਲੋਕ ਵਿੱਚ ਜਾ ਕੇ ਅਗਵਾਈ ਕਰਦੇ ਹਨ। ਪਰ ਜੀਵ ਏਥੇ ਮਾੜੇ ਕਰਮ ਹੀ ਕਰਦੇ ਹਨ। ਪ੍ਰਮੇਸ਼ਰ ਦੀ ਪ੍ਰਾਪਤੀ ਵਾਲੇ ਕਰਮ ਕਰਕੇ ਮਿੱਤਰ ਨਹੀਂ ਬਣਾਏ। ਪਰ ਇਹਨਾਂ ਸਾਰਿਆਂ ਨਾਲੋਂ ਵਾਹਿਗੁਰੂ ਸ਼੍ਰੋਮਣੀ ਸੱਜਣ, ਮਿੱਤਰ ਹੈ।

ਯਥਾ— **ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥** [ਧਨਾਸਰੀ ਮਹਲਾ ੫, ਅੰਗ ੬੭੭]

ਪ੍ਰਮੇਸ਼ਰ ਈਤ=ਇਸ ਲੋਕ ਵਿੱਚ ਅਤੇ ਊਤ=ਉਸ ਲੋਕ ਭਾਵ ਪ੍ਰਲੋਕ ਦਾ ਸਹਾਈ ਹੁੰਦਾ ਹੈ। ਜੋ ਪ੍ਰਮੇਸ਼ਰ ਪੁ=ਨਰਕਾਂ ਤੋਂ ਰਖ=ਰਖਿਆ ਕਰਦਾ ਹੈ, ਸੋਈ ਪੁਰਖ ਹੈ। ਐਸਾ ਸੱਜਣ, ਮਿੱਤਰ ਪੂਰਨ ਪੁਰਖ ਵਾਹਿਗੁਰੂ, ਜੋ ਧਨ, ਇਸਤਰੀ ਆਦਿ ਪਦਾਰਥਾਂ ਨੂੰ ਬਖ਼ਸ਼ਣ ਵਾਲਾ ਹੈ, ਉਸ ਨੂੰ ਜੀਵ ਨੇ ਆਪਣੇ ਮਨ ਤੋਂ ਭੁਲਾ ਦਿੱਤਾ ਹੈ।

## *ਲਗੀ ਮਾਇਆ ਧੋਹੁ ॥*

ਪ੍ਰਮੇਸ਼ਰ ਨੂੰ ਭੁਲਾ ਕੇ ਜੋ ਧੋਹੁ=ਧੋਖਾ ਦੇਣ ਵਾਲੀ ਮਾਇਆ ਹੈ, ਉਸ ਵਿੱਚ ਜੀਵ ਦੀ ਬਿਰਤੀ ਲੱਗੀ ਹੋਈ ਹੈ। ਇਹ ਮਾਇਆ ਹੀ ਜੀਵ ਨੂੰ ਠੱਗਣ ਵਾਲੀ ਹੈ:

**ਮੁਖਿ ਬੇਰਾਵੈ ਅੰਤਿ ਠਗਾਵੈ ॥ ਇਕਤੁ ਠਉਰ ਓਹ ਕਹੀ ਨ ਸਮਾਵੈ ॥**
[ਰਾਮਕਲੀ ਮਹਲਾ ੫, ਅੰਗ ੮੯੨]

ਵਾ—ਜੋ ਮਾਇਆ ਧੋਖਾ ਦੇ ਕੇ ਸੱਪਣੀ ਵਾਂਗ ਲੜਨ ਵਾਲੀ ਹੈ, ਉਹ ਜੀਵਾਂ ਦੇ ਪਿੱਛੇ ਲਗੀ ਹੈ ਤੇ ਮਾਇਆ ਇਤਨੀ ਸ਼ਕਤੀ ਵਾਲੀ ਹੈ ਕਿ ਵੱਡੇ-ਵੱਡੇ ਵੀ ਇਸ ਦੇ ਪ੍ਰਕੋਪ ਤੋਂ ਨਹੀਂ ਬਚ ਸਕੇ।

ਯਥਾ— **ਸਰਪਨੀ ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥**
[ਆਸਾ ਕਬੀਰ ਜੀ, ਅੰਗ ੪੮੦]

ਇਸ ਕਾਰਨ ਕਰਕੇ ਜੀਵ ਉਸ ਪ੍ਰਮੇਸ਼ਰ ਦੇ ਪ੍ਰੇਮ ਅਤੇ ਪ੍ਰਾਪਤੀ ਤੋਂ ਵਿਛੜੇ ਹੋਏ ਹਨ।

PDF created with pdfFactory Pro trial version www.pdffactory.com

## ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥

ਪੁੱਤਰ, ਕਲਤ੍ਰ=ਇਸਤਰੀ ਤੇ ਧਨ ਨੂੰ ਜਿਸਨੇ ਆਪਣਾ ਸੰਗੀ ਮੰਨਿਆ ਹੈ, ਇਹ ਸਭ ਕੁਝ ਜੀਵ ਦੇ ਨਾਲ ਪ੍ਰਲੋਕ ਵਿੱਚ ਨਹੀਂ ਜਾਣੇ, ਅਥਵਾ :—ਪੁੱਤਰ ਕਲਤ੍ਰ=ਇਸਤਰੀ ਆਦਿਕ ਕਿਸੇ ਸੰਬੰਧੀ ਅਤੇ ਧਨ ਨੇ ਜੀਵ ਦੇ ਨਾਲ ਪ੍ਰਲੋਕ ਵਿੱਚ ਨਹੀਂ ਜਾਣਾ, ਇਹ ਸਭ ਇਥੇ ਹੀ ਧੋਖਾ ਦੇਣ ਵਾਲੇ ਹਨ। ਇਸ ਲਈ ਹੇ ਜੀਵ! ਉਹ ਜੋ ਸਾਰਿਆਂ ਨੂੰ ਹਰਿ=ਹਰੇ-ਭਰੇ ਕਰਨ ਵਾਲਾ ਅਵਿਨਾਸੀ=ਨਾਸ ਤੋਂ ਰਹਿਤ ਪ੍ਰਮੇਸ਼ਰ ਹੈ, ਉਸ ਨੂੰ ਮਿੱਤਰ ਬਨਾਉਣਾ ਕਰ। ਉਹ ਹੀ ਸਚਾ ਸੰਗੀ ਤੇਰਾ ਪ੍ਰਲੋਕ ਵਿੱਚ ਸਹਾਇਤਾ ਕਰਨ ਵਾਲਾ ਹੈ।

ਯਥਾ— **ਜਿਥੈ ਪੁਤ੍ਰੁ ਕਲਤ੍ਰੁ ਨ ਬੇਲੀ ਕੋਈ ਤਿਥੈ ਹਰਿ ਆਪਿ ਛਡਾਇਦਾ ॥** [ਮਾਰੂ ਮਹਲਾ ੫, ਅੰਗ ੧੦੭੬]

ਤੂੰ ਹੋਰ ਕਿਸੇ ਮਿੱਤਰ ਦਾ ਭਰੋਸਾ ਨਾ ਕਰ ਕਿ ਉਹ ਤੇਰੀ ਕੋਈ ਅੰਤ ਨੂੰ ਸਹਾਇਤਾ ਕਰੇਗਾ। ਇਨ੍ਹਾਂ ਸੰਬੰਧੀਆਂ ਨੇ ਤਾਂ ਤੇਰੀ ਮ੍ਰਿਤੂ ਹੋਣ ਤੋਂ ਡੱਕੇ ਤੋੜ ਕੇ ਤੇਰੇ ਨਾਲੋਂ ਸੰਬੰਧ ਖ਼ਤਮ ਕਰਨ ਦਾ ਸੰਕਲਪ ਕਰ ਦੇਣਾ ਹੈ।

ਯਥਾ— **੧. ਮੇਰੇ ਮਨ ਹਰਿ ਊਪਰਿ ਕੀਜੈ ਭਰਵਾਸਾ ॥** [ਗੋਂਡ ਮਹਲਾ ੪, ਅੰਗ ੮੬੦]

**੨. ਤਿਸ ਕਾ ਭਰਵਾਸਾ ਕਿਉ ਕੀਜੈ ਮਨ ਮੇਰੇ ਜੋ ਅੰਤੀ ਅਉਸਰਿ ਰਖਿ ਨ ਸਕਾਸਾ ॥** [ਗੋਂਡ ਮਹਲਾ ੪, ਅੰਗ ੮੬੦]

**੩. ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ ॥**
**ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨ ਨੇੜੈ ਕੋ ਨ ਢੁਕਾਸਾ ॥** [ਗੋਂਡ ਮਹਲਾ ੪, ਅੰਗ ੮੬੦]

**੪. ਜਨ ਨਾਨਕ ਅਨਦਿਨੁ ਨਾਮ ਜਪਹੁ ਹਰਿ ਸੰਤਹੁ ਇਹੁ ਛੂਟਣ ਕਾ ਸਾਚਾ ਭਰਵਾਸਾ ॥** [ਗੋਂਡ ਮਹਲਾ ੪, ਅੰਗ ੮੬੦]

ਇਸ ਲਈ ਹੇ ਜੀਵ! ਤੂੰ ਇੱਕ ਅਕਾਲ ਪੁਰਖ ਨੂੰ ਹੀ ਸਚਾ ਸੰਗੀ ਜਾਣਨਾ ਕਰ।

## ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥

ਇਹ ਸਾਰੀ ਸ੍ਰਿਸ਼ਟੀ ਮੋਹ ਦੇ ਅਧੀਨ ਹੋ ਕੇ ਝੂਠੇ ਸੰਬੰਧੀਆਂ, ਝੂਠੇ ਧੰਧਿਆਂ ਅਤੇ ਪਦਾਰਥਾਂ ਵਿੱਚ ਪਲਚਿ ਪਲਚਿ=ਫਸ ਫਸ ਕੇ, ਵਾ—ਖੱਪ-ਖੱਪ ਕੇ, ਵਾ—ਹੰਭ-ਹੰਭ ਕੇ, ਵਾ—ਪਰਚ-ਪਰਚ ਕੇ ਮਰ ਰਹੀ ਹੈ। ਅਥਵਾ :— ਸਾਰੀ ਸ੍ਰਿਸ਼ਟੀ ਦੇ ਜੀਵ ਝੂਠੇ ਧੰਧਿਆਂ ਦੇ ਮੋਹ ਵਿੱਚ ਲਗ ਕੇ ਪਲਚਿ-ਪਲਚਿ ਕੇ ਮਰ ਰਹੇ ਹਨ। ਜਿਸ ਤਰ੍ਹਾਂ ਮੱਖੀ ਮਿੱਠੇ ਵਿੱਚ ਲਗ ਕੇ ਮਰ ਜਾਂਦੀ ਹੈ। ਹਾਥੀ ਟੋਏ ਵਿੱਚ ਪਿਆ ਕਿਵੇਂ ਤਰ ਸਕਦਾ ਹੈ।

ਯਥਾ— **੧. ਮਿਠੈ ਮਖ ਮੁਆ ਕਿਉ ਲਏ ਓਡਾਰੀ ॥**
**ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ ॥** [ਆਸਾ ਮਹਲਾ ੫, ਅੰਗ ੪੬੦]

**੨. ਘਰ ਕਾ ਕਾਜੁ ਨ ਜਾਣੀ ਰੂੜਾ ॥ ਝੂਠੈ ਧੰਧੈ ਰਚਿਓ ਮੂੜਾ ॥** [ਸੂਹੀ ਮਹਲਾ ੫, ਅੰਗ ੭੪੪]

## ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥

ਇੱਕ ਪ੍ਰਮੇਸ਼ਰ ਦੇ ਨਾਮ ਤੋਂ ਬਿਨਾ ਹੋਰ ਜੋ ਸਕਾਮ ਕਰਮ ਕੀਤੇ ਹਨ, ਉਹ ਸਾਰੇ ਅਗੈ=ਪ੍ਰਲੋਕ ਵਿੱਚ ਜਮ ਇਸ ਜੀਵ ਪਾਸੋਂ ਖੋਹ ਲੈਂਦੇ ਹਨ। ਗਰੁੜ ਪੁਰਾਣ ਵਿੱਚ ਲਿਖਿਆ ਹੈ ਕਿ

ਯਥਾ— **ਸਹਸ ਅਠਾਸੀ ਜੋਜਨ ਭੂਰੀ ॥ ਮ੍ਰਿਤ ਲੋਕ ਤੇ ਜਮਪੁਰ ਦੂਰੀ ॥**
**ਆਠ ਹੈਂ ਠੌਰ ਮਗ ਮੈ ਭਾਰੀ ॥ ਘੋਰਿ ਕਸ਼ਟ ਪਾਵਹਿਂ ਨਰ ਨਾਰੀ ॥**

PDF created with pdfFactory Pro trial version www.pdffactory.com

ਜਦੋਂ ਜਮ ਜੀਵ ਨੂੰ ਪ੍ਰਲੋਕ ਰਸਤੇ ਲੈ ਕੇ ਤੁਰਦੇ ਹਨ ਤਾਂ ਰਸਤੇ ਵਿੱਚ ਅਨੇਕਾਂ ਤਰ੍ਹਾਂ ਦੇ ਕਸ਼ਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੈਸਾ ਕਿ ਪਹਿਲਾਂ ਰਸਤੇ ਵਿੱਚ ਬੈਤਰਨੀ ਨਦੀ ਆਉਂਦੀ ਹੈ, ਜੋ ਲਹੂ ਪਾਕ ਦੀ ਭਰੀ ਹੋਈ ਹੈ, ਜਿਸ ਨੂੰ ਪਾਪੀ ਜੀਵ ਤਰ ਨਹੀਂ ਸਕਦਾ। ਉਸ ਵਿੱਚ ਗੋਤੇ ਖਾਂਦਾ ਜੀਵ ਜਮਾਂ ਦੀ ਮਾਰ ਤੋਂ ਬਹੁਤ ਦੁਖ ਪਾਉਂਦਾ ਹੈ। ਉਸ ਤੋਂ ਅੱਗੇ ਅਸਪੱਤਰ ਬਨ ਹੈ। ਜਿਸਦੇ ਬ੍ਰਿਛਾਂ ਦੇ ਪੱਤੇ ਤਲਵਾਰ ਦੀ ਤਰ੍ਹਾਂ ਤਿਖੇ ਹੁੰਦੇ ਹਨ। ਜੀਵ ਉਸ ਵਿੱਚੋਂ ਲੰਘਦਾ ਹੈ ਤਾਂ ਉਨ੍ਹਾਂ ਪੱਤਰਾਂ ਨਾਲ ਸਰੀਰ ਲਹੂ-ਲੁਹਾਨ ਹੋ ਜਾਂਦਾ ਹੈ। ਇਸ ਤੋਂ ਅੱਗੇ ਅਗਨੀ ਬਨ ਵਿੱਚੋਂ ਲੰਘਣਾ ਪੈਂਦਾ ਹੈ। ਐਸੇ ਔਖੇ ਰਸਤਿਆਂ ਵਿੱਚ ਜੀਵ ਅਤਿਅੰਤ ਦੁਖੀ ਹੋ ਕੇ ਭੁਖ ਪਿਆਸ ਨਾਲ ਤੜਫਦਾ ਹੋਇਆ ਜਮਾਂ ਤੋਂ ਰੋਟੀ-ਪਾਣੀ ਮੰਗਦਾ ਹੈ। ਤਾਂ ਜਮ ਉਸ ਤੋਂ ਥੋੜ੍ਹੇ ਬਹੁਤ ਉਸਦੇ ਕੀਤੇ ਹੋਏ ਪੁੰਨਾਂ ਦਾ ਫਲ ਲੈ ਕੇ ਪਾਣੀ ਦਾ ਪਿਆਲਾ ਜਾਂ ਰੋਟੀ ਦੀ ਗ੍ਰਾਹੀ ਦਿੰਦੇ ਹਨ। ਸਤਿਗੁਰੂ ਜੀ ਕਹਿੰਦੇ ਹਨ ਕਿ ਇਸ ਮਾਰਗ ਦੀਆਂ ਕੋਹਾਂ ਨਹੀਂ ਗਿਣੀਆਂ ਜਾ ਸਕਦੀਆਂ। ਇਤਨੇ ਲੰਮੇ ਰਸਤੇ ਵਿੱਚ ਧਰਮਰਾਜ ਦੀ ਕਚਹਿਰੀ ਤੱਕ ਜਾਂਦੇ ਸਾਰੇ ਪੁੰਨ ਕੁਝ ਸਹੂਲਤਾ ਬਦਲੇ ਖੋਹ ਲਏ ਜਾਂਦੇ ਹਨ।

ਯਥਾ— **ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥**

[ਸੂਹੀ ਮਹਲਾ ੫, ਅੰਗ ੭੪੭]

ਉਸ ਪ੍ਰਲੋਕ ਵਿੱਚ ਜਿਥੇ ਭਾਵੇਂ ਕ੍ਰੋੜਾਂ ਬਾਹਾਂ ਹੋਣ, ਫਿਰ ਵੀ ਛੁਟਕਾਰਾ ਨਹੀਂ ਹੁੰਦਾ, ਉਥੇ ਕੇਵਲ ਪ੍ਰਮੇਸ਼ਰ ਦੇ ਨਾਮ ਦੁਆਰਾ ਹੀ ਪਾਰ ਉਤਾਰਾ ਹੁੰਦਾ ਹੈ।

ਯਥਾ— **ਛੂਟਤ ਨਹੀ ਕੋਟਿ ਲਖ ਬਾਹੀ॥ ਨਾਮੁ ਜਪਤ ਤਹ ਪਾਰਿ ਪਰਾਹੀ॥**

[ਗਉੜੀ ਸੁਖਮਨੀ ਮਃ ੫, ਅੰਗ ੨੬੪]

ਮ੍ਰਿਤੂ ਤੋਂ ਬਾਅਦ ਐਸੇ ਭਿਆਨਕ ਸਮੇਂ ਵਿੱਚ ਕੇਵਲ ਪ੍ਰਮਾਤਮਾ ਦਾ ਨਾਮ ਹੀ ਸਹਾਇਤਾ ਕਰਦਾ ਹੈ।

ਯਥਾ— **੧. ਜਹ ਮਹਾ ਭਇਆਨ ਦੂਤ ਜਮ ਦਲੈ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥**
**ਜਹ ਮੁਸਕਲ ਹੋਵੈ ਅਤਿ ਭਾਰੀ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥**

[ਗਉੜੀ ਸੁਖਮਨੀ ਮਃ ੫, ਅੰਗ ੨੬੪]

**੨. ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ॥**
**ਜਿਹ ਪੈਡੈ ਮਹਾ ਅੰਧ ਗੁਬਾਰਾ॥ ਹਰਿ ਕਾ ਨਾਮੁ ਸੰਗਿ ਉਜੀਆਰਾ॥**

[ਗਉੜੀ ਸੁਖਮਨੀ ਮਃ ੫, ਅੰਗ ੨੬੪]

ਜੋ ਪ੍ਰਮੇਸ਼ਰ ਦਾ ਨਾਮ ਜਪਣ ਵਾਲੇ ਸਤਿਪੁਰਸ਼ ਹਨ, ਉਹ ਇਸ ਰਸਤੇ ਹੀ ਨਹੀਂ ਜਾਂਦੇ, ਸਗੋਂ ਇਹ ਰਸਤਾ ਉਹਨਾਂ ਤੋਂ ਬਹੁਤ ਦੂਰ ਰਹਿ ਜਾਂਦਾ ਹੈ।

ਯਥਾ— **੧. ਜਿਹ ਪੈਡੈ ਲੂਟੀ ਪਨਿਹਾਰੀ॥ ਸੋ ਮਾਰਗੁ ਸੰਤਨ ਦੂਰਾਰੀ॥** [ਆਸਾ ਮਹਲਾ ੫, ਅੰਗ ੩੯੩]

**੨. ਜਹ ਲਾਲਚ ਜਾਗਾਤੀ ਘਾਟ॥ ਦੂਰਿ ਰਹੀ ਉਹ ਜਨ ਤੇ ਬਾਟ॥**

[ਆਸਾ ਮਹਲਾ ੫, ਅੰਗ ੩੯੩]

## *ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥*

ਜਿਸ ਨੇ ਉਸ ਦਯੁ=ਪ੍ਰੇਰਕ ਵਾਹਿਗੁਰੂ ਨੂੰ ਵਿਸਾਰਿ=ਵਿਸਾਰਨਾ, ਭੁਲਾਉਣਾ ਕੀਤਾ ਹੈ, ਉਸ ਨੂੰ ਲੋਕ ਪ੍ਰਲੋਕ ਵਿੱਚ ਵਿਗੁਚਣਾ=ਖ਼ਰਾਬ ਹੋਣਾ ਪੈਂਦਾ ਹੈ। ਹੇ ਜੀਵ! ਉਸ ਪ੍ਰਭੂ ਤੋਂ ਬਿਨਾਂ ਅਵਰੁ=ਹੋਰ ਕੋਈ ਦੂਜਾ ਤੇਰੀ ਸਹਾਇਤਾ ਨਹੀਂ ਕਰ ਸਕਦਾ।

PDF created with pdfFactory Pro trial version www.pdffactory.com

ਯਥਾ— **ਹਰਿ ਮੇਰਾ ਸਾਥੀ ਸੰਗਿ ਸਖਾਈ॥**
**ਦੁਖਿ ਸੁਖਿ ਸਿਮਰੀ ਤਹ ਮਉਜੂਦੁ ਜਮੁ ਬਪੁਰਾ ਮੋ ਕਉ ਕਹਾ ਡਰਾਈ॥**
[ਆਸਾ ਮਹਲਾ ੫, ਅੰਗ ੩੭੫]

ਇਸ ਲਈ ਹੇ ਜੀਵ! ਤੂੰ ਜੂਨਾਂ ਤੋਂ ਛੁਟਣ ਵਾਸਤੇ ਉਸ ਵਾਹਿਗੁਰੂ ਨੂੰ ਯਾਦ ਕਰ, ਜੋ ਤੇਰਾ ਸਦਾ ਹੀ ਸਹਾਇਕ ਹੈ।

## *ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥*

ਜੋ ਜੀਵ ਆਪਣੇ ਪ੍ਰੀਤਮ=ਪਿਆਰੇ ਵਾਹਿਗੁਰੂ ਦੀ ਚਰਨੀਂ ਲੱਗੇ ਹਨ, ਉਨ੍ਹਾਂ ਦੀ ਬਹੁਤ ਹੀ ਨਿਰਮਲ=ਉਜਲ ਸੋਭਾ ਹੁੰਦੀ ਹੈ। ਵਾ—ਉਨ੍ਹਾਂ ਦੀ ਸੋਇ=ਖ਼ਬਰ ਸੁਨਣੀ ਬਹੁਤ ਹੀ ਉਜਲ ਹੈ। ਅਥਵਾ :—ਜੋ ਗੁਰੂ ਦੇ ਚਰਨੀ ਲਗਦਾ ਹੈ, ਉਸਦੀ ਲੋਕ-ਪ੍ਰਲੋਕ ਵਿੱਚ ਨਿਰਮਲ=ਉਜਲ ਸੋਭਾ ਹੁੰਦੀ ਹੈ। ਜੇ ਸਤਿਗੁਰੂ ਦੇ ਚਰਨੀ ਲਗਣਾ ਕਰੀਏ ਤਾਂ ਸਤਿਗੁਰੂ ਜੀ ਇਤਨਾ ਪ੍ਰੇਮ ਕਰਦੇ ਹਨ।

ਯਥਾ— **ਚਰਨ ਸਰਨ ਗੁਰ ਏਕ ਪੈਂਡ ਜਾਇ ਚਲਿ ਸਤਿਗੁਰੁ ਕੋਟਿ ਪੈਂਡ ਆਗੇ ਹੋਇ ਲੇਤ ਹੈ॥**
**ਏਕ ਬਾਰ ਸਤਿਗੁਰੂ ਮੰਤ੍ਰ ਸਿਮਰਨ ਮਾਤ੍ਰ ਸਿਮਰਨ ਤਾਹਿ ਬਾਰੰਬਾਰ ਗੁਰੂ ਹੇਤ ਹੈ॥**
**ਭਾਵਨੀ ਭਗਤਿ ਭਾਇ ਕਉਡੀ ਅਗ੍ਰ ਭਾਗ ਰਾਖੈ ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ॥**
**ਸਤਿਗੁਰ ਦਇਆ ਨਿਧਿ ਮਹਿਮਾ ਅਗਾਧਿ ਬੋਧਿ ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ॥੧੧੧॥**
[ਕਬਿਤ ਸਵਯੇ ਭਾਈ ਗੁਰਦਾਸ ਜੀ]

## *ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥*

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਜੀਵ! ਸਮਰੱਥ ਪ੍ਰਭੂ ਅੱਗੇ ਇਸ ਤਰ੍ਹਾਂ ਬੇਨਤੀ ਕਰ ਕਿ ਹੇ ਪ੍ਰਭ=ਵਾਹਿਗੁਰੂ ਮੈਂ ਦਾਸ ਦੀ ਬੇਨਤੀ=ਅਰਦਾਸ ਹੈ ਕਿ ਆਪ ਜਿਸ ਤਰ੍ਹਾਂ ਸੰਤਾਂ ਭਗਤਾਂ ਨੂੰ ਪ੍ਰਾਪਤ ਹੋਏ ਹੈ, ਇਸੇ ਤਰ੍ਹਾਂ ਮੈਨੂੰ ਵੀ ਮਿਲਣਾ ਕਰੋ ਤਾਂ ਕਿ ਸਾਡੀ ਲੋਕ ਪ੍ਰਲੋਕ ਵਿੱਚ ਪਤ ਰਹਿ ਜਾਵੇ।

ਯਥਾ— **ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥**
[ਵਾਰ ਆਸਾ ਮਹਲਾ ੧, ਅੰਗ ੪੬੯]

ਅਥਵਾ :—ਆਪ ਅੰਤਸ਼ਕਰਨ ਵਿੱਚ ਪ੍ਰਾਪਤ ਤਾਂ ਹੋ, ਪਰ ਮੈਨੂੰ ਸਾਖਿਆਤ=ਪ੍ਰਤੱਖ ਪ੍ਰਗਟ ਹੋ ਕੇ ਮਿਲਣਾ ਕਰੋ।

## *ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥*

ਵੈਸਾਖ ਦਾ ਮਹੀਨਾ ਤਾਂ ਹੀ ਸੁਹਾਵਾ=ਸੋਭਨੀਕ ਲਗਦਾ ਹੈ, ਜੇ ਸੋਇ=ਉਸ ਹਰਿ=ਪ੍ਰਮੇਸ਼ਰ ਦੇ ਪ੍ਰੇਮ ਵਾਲੇ ਸੰਤ=ਸ਼ਾਂਤ ਆਤਮਾ ਮਹਾਂਪੁਰਸ਼ ਭੇਟੈ=ਮਿਲ ਜਾਣ। ਅਥਵਾ :—ਵੈ=ਉਹ ਜੋ ਸਾਖੁ=ਸਾਖੀ ਰੂਪ ਚੇਤਨ ਵੇਦਾਂ ਸ਼ਾਸ਼ਤ੍ਰਾਂ ਕਰਕੇ ਪ੍ਰਤੀਪਾਦਯ (ਕਥਨ ਕਰਨ ਯੋਗ) ਰੂਪ ਹੈ। ਉਸਦੀ ਪ੍ਰਾਪਤੀ ਦਾ ਅਨੰਦ ਤਾਂ ਹੀ ਹੋ ਸਕਦਾ ਹੈ, ਜੇ ਹਰਿ=ਪ੍ਰਮੇਸ਼ਰ ਨੂੰ ਸੋਇ=ਜਾਨਣ ਵਾਲੇ ਸੰਤ ਭੇਟੈ=ਮਿਲ ਜਾਣ ਤਾਂ ਵੈਸਾਖ ਦਾ ਮਹੀਨਾ ਸੁਹਾਵਣਾ ਲਗਦਾ ਹੈ। ਵਾ—ਵੈਸਾਖ ਦਾ ਮਹੀਨਾ ਉਨ੍ਹਾਂ ਜਗਿਆਸੂਆਂ ਨੂੰ ਸੁਹਾਵਾ=ਸੋਭਨੀਕ ਹੈ, ਜਿਨ੍ਹਾਂ ਨੂੰ ਹਰਿ=ਪ੍ਰਮੇਸ਼ਰ ਦੀ ਸੋਇ=ਖ਼ਬਰ ਜਾਨਣ ਵਾਲੇ ਸੰਤ ਮਿਲ ਜਾਣ, ਵਾ—ਹਰੀ ਦੀ ਸੋਭਾ ਕਰਨ ਵਾਲੇ ਸੰਤ ਮਿਲ ਜਾਣ, ਵਾ—ਮਨੁੱਖਾ ਸਰੀਰ ਰੂਪੀ ਵੈਸਾਖ ਦਾ ਮਹੀਨਾ ਉਹਨਾਂ ਜਗਿਆਸੂ ਰੂਪ ਇਸਤਰੀਆਂ ਦਾ ਸੁਹਾਵਾ=ਸਫਲਾ ਹੈ, ਜਿਨ੍ਹਾਂ ਨੂੰ ਸੋਇ=ਉਸ ਪ੍ਰਮੇਸ਼ਰ ਦੇ ਸੰਤ ਭੇਟੇ=ਮਿਲੇ ਹਨ। ਭਾਵ ਮਨੁੱਖਾ ਸਰੀਰ ਦੀ ਸਫਲਤਾ ਮਹਾਂਪੁਰਸ਼ਾਂ ਦੁਆਰਾ ਹੀ ਹੈ।

ਵਾਹਿਗੁਰੂ ਜੀ ਕਾ ਖ਼ਾਸਲਾ॥ ਵਾਹਿਗੁਰੂ ਜੀ ਕੀ ਫ਼ਤਹਿ॥

PDF created with pdfFactory Pro trial version www.pdffactory.com